ੴ ਵਾਹਿਗੁਰੂ ਜੀ ਕੀ ਫਤਹਿ॥

ਸੰਤ-ਸਿਪਾਹੀ * ਦੇਗ-ਤੇਗ * ਰਾਜ-ਜੋਗ * ਭਗਤੀ-ਸ਼ਕਤੀ * ਮੀਰੀ-ਪੀਰੀ * ਨਿਸ਼ਾਨ-ਦਿਵਾਨ

ਸ੍ਰੀ ਦਸਮ ਗ੍ਰੰਥ ਸਾਹਿਬ

# ਦਸਮੇਸ਼-ਕ੍ਰਿਤ

ਗੁਰੂ-ਗ੍ਰੰਥ ਗੁਰੂ-ਪੰਥ

‘ਦੂਹੂੰ ਗ੍ਰੰਥ ਮੈ ਬਾਣੀ ਜੋਈ।

ਚੁਨ ਚੁਨ ਕੰਠ ਕਰਹਿ ਨਿਤ ਸੋਈ’।

(ਰਹਿਤਨਾਮਾ, ਭਾਈ ਦੇਸਾ ਸਿੰਘ)

ਲੋਕ-ਪ੍ਰਲੋਕ * ਕਾਲ-ਅਕਾਲ * ਆਤਮਾ-ਪ੍ਰਮਾਤਮਾ * ਸਰਗੁਣ-ਨਿਰਗੁਣ * ਏਕ-ਅਨੇਕ

ਲੇਖ :

ਪ੍ਰੋ: ਪਿਆਰਾ ਸਿੰਘ ਜੀ ਪਦਮ

ਭਾਈ ਸਾਹਿਬ ਰਣਧੀਰ ਸਿੰਘ ਜੀ

ਭਾਈ ਕਾਹਨ ਸਿੰਘ ਜੀ ਨਾਭਾ

ਪ੍ਰ: ਸਾਹਿਬ ਸਿੰਘ ਜੀ

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

**ਪ੍ਰਕਾਸ਼ਕ : ਖਾਲਸਾ ਪ੍ਰੈਸ**

*Panthic.org* *KhalsaPress.org* *Dushtdaman.org*

June 2008

**ਸਮਰਪਣ :** ਸੰਮੂਹ ਰਹਿਤਵੰਤ - ਸਰਬਲੋਹੀ - ਸ਼ਸ਼ਤ੍ਰਧਾਰੀ - ਨਿਲੰਬਰਧਾਰੀ ਅਕਾਲੀ ਫ਼ੌਜ ਨੂੰ !

# ਭੂਮਿਕਾ:

ਗੁਰੂ ਦਸਵੇ ਪਾਤਸ਼ਾਹ ਜੀ ਦੀ ਬਾਣੀ, ਸ੍ਰੀ ਦਸਮ ਗ੍ਰੰਥ ਜੀ ਕੀ ਬਾਣੀ ਸਤਿਗੁਰ ਕੀ ਬਾਣੀ ਹੈ, ਧੁਰ ਕੀ ਬਾਣੀ ਹੈ, ਸਤਿ ਸਰੂਪ ਹੈ, ਅਕਾਲ ਰੂਪ ਹੈ, ਪੂਜਣ ਜੋਗ ਹੈ ।

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥** (ਰਾਗ ਗਉੜੀ - ਅੰਗ ੩੦੪)

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥**
(ਰਾਗ ਗਉੜੀ - ਅੰਗ ੩੦੮)

ਸ੍ਰੀ ਦਸਮ ਗ੍ਰੰਥ ਜੀ ਬਾਰੇ ਗੁਰੂ ਖਾਲਸਾ ਪੰਥ ਦੇ ਫੈਸਲੇ ਅਟਲ ਹਨ। ਗੁਰੂ ਖਾਲਸਾ ਪੰਥ ਦਾ ਫੈਸਲਾ ਪੂਰੇ ਸੂਰੇ 'ਬਾਦਸ਼ਾਹ ਦਰਵੇਸ਼' ਦਾ ਫੈਸਲਾ ਹੈ, ਹੁਕਮ ਹੈ। ਇਸ ਲਈ ਸ੍ਰੀ ਦਸਮ ਗ੍ਰੰਥ ਜੀ ਦੇ ਵਿਰੁਧ ਆਪਣੇ ਚੁੰਚਗਿਆਨ ਅਤੇ ਮਨਮਤ ਦੇ ਨਾਲ ਚਰਚਾ ਕਰਨੀ ਨਿਰੀ ਮਨਮੁਖਤਾ ਅਤੇ ਮੂਰਖਤਾ ਹੈ। ਜੋ ਲੋਕ ਸ੍ਰੀ ਦਸਮ ਗ੍ਰੰਥ ਜੀ ਦੇ ਵਿਰੁਧ ਕੁਬੋਲ ਬੋਲ ਰਹੇ ਹਨ, ਓਹ ਗੁਰੂ ਕੇ ਨਿੰਦਕ ਹਨ।

**ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥** (ਰਾਗ ਗਉੜੀ - ਅੰਗ ੩੦੨)

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥** (ਰਾਗ ਗਉੜੀ - ਅੰਗ ੩੦੩)

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥** (ਰਾਗ ਗਉੜੀ - ਅੰਗ ੩੦੬)

**ਗੁਰ ਕੀ ਨਿੰਦਾ ਸੁਨੈ ਨ ਕਾਨ ॥** ...... (ਤਨਖਾਹਨਾਮਾ ਭਾਈ ਨੰਦ ਲਾਲ ਜੀ)

<u>ਗੁਰੂ ਪੰਥ ਜੀ ਕੀ ਰਹਿਤ ਮਰਯਾਦਾ:</u> ਸਿੱਖ ਦੀ ਤਾਰੀਫ਼ - ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ **(ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ** ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

<u>ਰਹਿਤਨਾਮਾ ਭਾਈ ਦੇਸਾ ਸਿੰਘ ਜੀ:</u> **ਦੂਹੂ ਗ੍ਰੰਥ ਮੈਂ ਬਾਣੀ ਜੋਈ॥ ਚੁੰਨ ਚੁੰਨ ਕੰਠ ਕਰੇ ਨਿਤ ਸੋਈ॥** ਦਸਮੀਂ ਆਦਿ ਗੁਰੁ ਦਿਨ ਜੇਤੇ॥ ਪੁਰਬ ਸਮਾਨ ਕਹੇ ਹੈ ਤੇਤੇ॥ ਨਹੁ ਸਿੰਘ ਇਕ ਬਚਨ ਹਮਾਰਾ। ਪ੍ਰਥਮੇ ਹਮ ਨੇ **ਜਾਪੁ** ਉਚਾਰਾ। ਪੁਨ **ਅਕਾਲ ਉਸਤਤਿ** ਜੋ ਕਹੀ। ਬੇਦ ਸਮਾਨ ਪਾਠ ਜੋ ਅਹੀ। ਪੁਨ **ਬਚਿਤ੍ਰ ਨਾਟਕ** ਬਨਵਾਯੋ। ਸੋਢਿ ਬੰਧ ਜਹ ਕਤਾ ਸੁਹਾਯੋ। ਪੁਨ ਕੋ **ਚੰਡੀ ਚਰਿਤ੍ਰ ਬਨਾਏ।** ਅਮਤਰ ਕੇ ਸਭ ਕਬਿ ਮਨ ਭਏ। **ਗਯਾਨ ਪ੍ਰਬੋਧ** ਹਮ ਕਹਾ। ਜਸ ਪਾਠ ਕਰ ਹਰਿ ਪਦ ਲਹਾ। ਪੁਨ **ਚੌਬੀਸ ਅਵਤਾਰ** ਕਹਾਨੀ। ਬਰਨਨ ਕਰਾ ਸਮਝੀ ਸਭ ਗਯਾਨੀ। ਦੱਤਾਤ੍ਰੇਯਾ ਕੇ ਗੁਰੁ ਸੁਨਾਏ। ਪੁਨ ਬਚਿਤਰ ਬਖਯਾਨ ਬਨਾਏ। ਤ੍ਰਿਨ ਕੋ ਭੀ ਇਕ ਗ੍ਰੰਥ ਬਖਾਨਾ। ਪੜ੍ਹੇ ਮੂੜ੍ਹ ਸੇ ਹੋਇ ਸਯਾਨਾ। **ਸ਼ਬਦ ਹਜ਼ਾਰੇ** ਕੇ ਸੁਖਦਾਈ। ਸਬੈ ਨ੍ਰਿਪਨ ਕੀ ਕਥਾ ਸੁਨਾਈ। ਜੋ ਮੈਂ ਹਿਤ ਕਰਿ ਬਰਨ ਸਵਾਰੀ। ਪੁਨ ਕਹ ਗਤ ਨ ਕਹੂੰ ਉਚਾਰੀ। **ਚਾਰ ਸੈ ਚਾਰ ਚਰਿਤ੍ਰ** ਬਨਾਏ ਜਹਾਂ ਜੁਣਤਿਨ ਕੇ ਛਲ ਦਿਖਰਾਏ।

# ਦਸਮ ਗ੍ਰੰਥ ਦੀ ਪਰਮਾਣਿਕਤਾ

- ਪ੍ਰੋ: ਪਿਆਰਾ ਸਿੰਘ ਪਦਮ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਥੇ ਗੁਰੂ ਨਾਨਕ ਗੱਦੀ ਦੇ ਅੰਤਮ ਵਾਰਿਸ ਗੁਰੂ ਸਨ ਉਥੇ ਮਹਾਨ ਕਵੀ ਤੇ ਜੋਧੇ ਜਰਨੈਲ ਵੀ ਸਨ, ਜਿਨ੍ਹਾਂ ਨੇ ਸਮਾਜਕ ਤੇ ਰਾਜਨੀਤਕ ਕ੍ਰਾਂਤੀ ਲਈ ਪੂਰੇ ਤਾਣ ਤੇ ਸ਼ਾਨ ਨਾਲ ਕਲਮ ਤੇ ਤੇਗ ਚਲਾਈ। ਉਹ ਸਚਮੁੱਚ ਗੁਰਤਾ, ਕਵਿਤਾ ਤੇ ਬੀਰਤਾ ਦੇ ਮੁਜੱਸਮ ਸਨ। ਉਨ੍ਹਾਂ ਦੀ ਖੰਡੇ ਧਾਰ ਬਾਣੀ, ਪਾਣੀ ਨੂੰ ਅੰਮ੍ਰਿਤ ਬਣਾ ਸਕਦੀ ਸੀ ਤੇ ਮੁਰਦਾ ਮਿੱਟੀ ਵਿਚ ਜਵਾਲਾ ਭੜਕਾ ਕੇ ਇਨਕਲਾਬ ਲਿਆ ਸਕਦੀ ਸੀ ਤੇ ਐਸੀ ਕਰਾਮਾਤ ਸਚਮੁੱਚ ਵਰਤੀ ਜਿਸ ਦਾ ਚਰਚਾ ਲਾਲਾ ਦੌਲਤ ਰਾਇ ਤੇ ਡਾਕਟਰ ਗੌਕੁਲ ਚੰਦ ਨਾਰੰਗ ਨੇ ਬਖ਼ੂਬੀ ਕੀਤਾ ਹੈ। ਆਪ ਦੀ ਰੂਹਾਨੀ ਅਜ਼ਮਤ ਦਾ ਕਰਿਸ਼ਮਾ ਪੰਥ ਹੈ ਤੇ ਕਾਵਿ-ਸ਼ਕਤੀ ਦਾ ਪ੍ਰਕਾਸ਼ 'ਦਸਮਗ੍ਰੰਥ' ਹੈ। ਦਸਮ ਗ੍ਰੰਥ ਕੋਈ ਇਕ ਪੁਸਤਕ ਨਹੀਂ ਬਲਕਿ ਇਹ ਦਸਮ ਗੁਰੂ-ਰਚਿਤ ਨਿਕੀਆਂ ਵੱਡੀਆਂ ਹਿੰਦੀ, ਪੰਜਾਬੀ, ਫਾਰਸੀ ਆਦਿ ਸਮੂਹ ਰਚਨਾਵਾਂ ਦਾ ਸੰਗ੍ਰਿਹ ਹੈ ਜੋ ਮਾਤਾ ਸੁੰਦਰੀ ਜੀ ਦੀ ਪ੍ਰੇਰਨਾ ਸਦਕੇ ਭਾਈ ਮਨੀ ਸਿੰਘ ਜੀ ਦੇ ਭਾਈ ਸ਼ੀਹਾਂ ਸਿੰਘ ਜੈਸੇ ਹਜ਼ੂਰੀ ਵਿਦਵਾਨ ਸਿੱਖਾਂ ਨੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਾਦ, ਸੰਭਾਲ ਦੇ ਖਿਆਲ ਨਾਲ ਇੱਕ ਥਾਂ ਇਕੱਤਰ ਕਰ ਦਿੱਤਾ ਸੀ। ਇਸ ਵਿਚ ਇਹ ਮੁੱਖ ਦਸ ਰਚਨਾਵਾਂ ਸੰਕਲਿਤ ਹਨ:

ਜਾਪੁ, ਅਕਾਲ ਉਸਤਤਿ, ਗਿਆਨ ਪ੍ਰਬੋਧ, ਸ਼ਸਤ੍ਰ ਨਾਮ-ਮਾਲਾ, ਚੰਡੀ ਚਰਿਤ੍ਰੋਕਤੀ ਬਿਲਾਸ, ਵਾਰ ਦੁਰਗਾ ਕੀ, ਬਿਚਿਤ੍ਰ ਨਾਟਕ, ਚਰਿਤ੍ਰੋ-ਪਖਯਾਨ, ਹਕਾਯਾਤ ਤੇ ਜ਼ਫਰਨਾਮਾ। ਇਨ੍ਹਾਂ ਦਸ ਚੀਜ਼ਾਂ ਤੋਂ ਇਲਾਵਾ ਸ਼ਬਦ ਰਾਗਾਂ ਕੇ, 32 ਸੈਯੇ, ਖਾਲਸਾ ਮਹਿਮਾ, ਖਿਆਲ, ਸੱਦ ਤੇ ਕੁਝ ਹੋਰ ਅਸਫੋਟਕ ਛੰਦ ਵੀ ਹਨ ਜੋ ਅੰਤ ਵਿਚ ਦਰਜ ਕੀਤੇ ਗਏ ਹਨ।

ਉਕਤ ਰਚਨਾਵਾਂ ਦੇ ਨਾਲ ਨਾਲ ਦੋ ਅਕਾਰ ਪੱਖੋਂ ਵੱਡੀਆਂ ਰਚਨਾਵਾਂ ਹਨ-ਬਿਚਿਤ੍ਰ ਨਾਟਕ ਤੇ ਚਰਿਤ੍ਰੋ ਪਾਖਯਾਨ। 'ਬਿਚਿਤ੍ਰ ਨਾਟਕ' ਵਿਚ ਭਾਰਤੀ ਦੇਵੀ ਦੇਵਤਿਆਂ ਦੇ ਅਵਤਾਰਾਂ ਦੇ ਪੁਰਾਣੇ ਬਿਰਤਾਂਤ ਨੂੰ ਨਵਾਂ ਰੰਗ ਭਰ ਕੇ ਬੀਰ ਰਸੀ ਰੂਪ ਵਿਚ ਇਸ ਲਈ ਪੇਸ਼ ਕੀਤਾ ਹੈ ਕਿ ਲੋਕ ਆਪਣੇ ਪੁਰਖਿਆਂ, ਬੀਰ ਨਾਇਕਾਂ ਦੀਆਂ ਜੀਵਨੀਆਂ ਤੋਂ ਲੋੜੀਂਦੀ ਪ੍ਰੇਰਨਾ ਲੈ ਸਕਨ, ਖਾਸ ਕਰਕੇ ਹਿੰਦੂ ਜਨਤਾ ਇਨ੍ਹਾਂ ਕਥਾਵਾਂ ਤੋਂ ਪ੍ਰਭਾਵ ਲੈ ਕੇ ਗੁਰੂ ਸਾਹਿਬ ਦੀ ਜਾਗ੍ਰਤੀ ਲਹਿਰ ਵਿਚ ਸ਼ਾਮਿਲ ਹੋਣ ਲਈ ਅੱਗੇ ਆ ਸਕੇ। ਪਰੰਪਰਾਵਾਂ ਦਾ ਹੋਣਾ ਕੋਈ ਗੁਣ ਨਹੀਂ, ਪਰ ਪਰੰਪਰਾ ਨੂੰ ਵਰਤ ਕੇ ਵਰਤਮਾਨ ਦੇ ਵਿਕਾਸ ਲਈ ਵਿਉਂਤ ਬਣਾਉਣਾ ਕਲਾਕਾਰੀ ਖ਼ੂਬੀ ਹੈ। ਸਤਿਗੁਰਾਂ ਐਸਾ ਹੀ ਕੀਤਾ ਪਰ ਨਾਲ ਨਾਲ ਥਾਂ ਥਾਂ ਲਿਖ ਦਿੱਤਾ ਕਿ ਮੈਂ ਕਿਸੇ ਦੇਵੀਂ, ਦੇਵਤੇ ਜਾਂ ਅਵਤਾਰ ਦਾ ਪੁਜਾਰੀ ਨਹੀਂ। ਕੇਵਲ ਧਰਮ ਯੁੱਧ ਦਾ ਚਾਉ ਪੈਦਾ ਕਰਨ ਲਈ ਇਹ ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਤੇ ਦੁਰਗਾ ਆਦਿ ਦੀਆਂ ਕਥਾਵਾਂ ਲਿਖੀਆਂ ਹਨ:

**ਦਸਮ ਕਥਾ ਭਾਗੌਤ ਕੀ, ਭਾਖਾ ਕਰੀ ਬਨਾਇ, ਅਵਰਿ ਬਾਸਨਾ ਨਾਂਹਿ ਪ੍ਰਭ, ਧਰਮਜੁੱਧ ਕੇ ਚਾਇ॥2491॥ (ਕ੍ਰਿਸ਼ਨਅਵਤਾਰ)**

ਕ੍ਰਿਸ਼ਨਾਵਤਾਰ ਦੀ ਕਥਾ ਵਿਚ ਹੀ ਇਹ ਸਾਫ ਨੋਟ ਦਿਤਾ ਹੈ:

**ਮੈਂ ਨਾ ਗਨੇਸ਼ਹਿ ਪ੍ਰਿਥਮ ਮਨਾਉਂ। ਕਿਸਨ ਬਿਸਨੁ ਕਬਹੂੰ ਨਹਿ ਧਿਆਊਂ। ਕਾਨਿ ਸੁਨੇ ਪਹਿਚਾਨ ਨ ਤਿਨ ਸੋ।**
**ਲਿਵ ਲਾਗੀ ਮੋਰੀ ਪਗ ਇਨ ਸੋ॥434॥ (ਕ੍ਰਿਸ਼ਨਅਵਤਾਰ)**

ਇਵੇਂ ਜਿਵੇਂ: ਰਾਮਾਵਤਾਰ ਦੀ ਕਥਾ ਦੇ ਅੰਤ 'ਚ ਲਿਖਿਆ ਹੈ:

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।   ਰਾਮ ਰਹੀਮ ਪੁਰਾਨ ਕੁਰਾਨ  ਅਨੇਕ ਕਹੈਂ ਮਤ ਏਕ ਨ ਮਾਨਯੋ॥863॥ (ਰਾਮਵਤਾਰ)**

ਇਸੇ ਤਰ੍ਹਾਂ 'ਚਰਿਤ੍ਰੋ ਪਾਖਯਾਨ' ਇਕ ਹੋਰ ਵੱਡਾ ਗ੍ਰੰਥ ਹੈ ਜਿਸ ਦੇ 405 ਅਧਿਆਇ ਹਨ, ਇਨ੍ਹਾਂ ਵਿਚ ਦੁਰਾਚਾਰੀ ਚਤੁਰ ਨਰ ਨਾਰਾਂ ਦੇ ਲੋਕ-ਪ੍ਰਚਲਤ ਕਿੱਸੇ ਇਸ ਲਈ ਕਲਮਬੰਦ ਕੀਤੇ ਹਨ ਤਾਂ ਕਿ ਨਵੇਂ ਬਣੇ 'ਸੰਤ ਸਿਪਾਹੀ' ਕਿਤੇ ਇਨ੍ਹਾਂ ਦੇ ਛਲ ਫਰੇਬ ਦਾ ਸ਼ਿਕਾਰ ਨਾ ਹੋ ਜਾਣ। ਉਸ ਜ਼ਮਾਨੇ ਵੇਸਵਾ ਪ੍ਰਣਾਲੀ ਆਮ ਸੀ। ਕੋਈ ਸਰਕਾਰੀ ਕਨੂੰਨ ਜਾਂ ਸਮਾਜਕ ਨੇਮ ਇਨ੍ਹਾਂ ਤੇ ਰੋਕ ਨਹੀਂ ਸੀ ਲਾਉਂਦਾ। ਇਸ ਕਰਕੇ ਗੁਰੂ ਸਾਹਿਬ ਨੇ ਸਾਵਧਾਨੀ ਵਜੋਂ ਸਿੱਖਾਂ ਨੂੰ ਚੇਤੰਨ ਕਰਨ ਲਈ ਇਹ ਕਹਾਣੀਆਂ ਲਿਖੀਆਂ ਤਾਂ ਕਿ ਉਹ ਇਸ ਫੰਧੇ ਤੋਂ ਬਚੇ ਰਹਿਣ। ਥਾਂ ਥਾਂ ਤਾੜਨਾ ਹੈ:

**ਰੀਤਿ ਨ ਜਾਨਤ ਪ੍ਰੀਤਿ ਕੀ, ਪੈਸਨ ਕੀ ਪ੍ਰਤੀਤਿ। ਬਿਛੂ ਬਿਸੀਅਰ ਬੇਸਵਾ, ਕਹਹੁ ਕਵਨ ਕੇ ਮੀਤ।   (ਚਰਿਤ੍ਰ 16)**

ਇਵੇਂ ਜਿਵੇਂ ਇਹ ਸਿਖਿਆ ਦੁਹਰਾਈ ਗਈ ਹੈ:

ਸੁਧ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ  ਪੂਤ! ਯਹੈ ਪ੍ਰਣ ਤੋਹਿ, ਪ੍ਰਾਣ ਜਬ ਲਗ ਘਟਿ ਥਾਰੇ,
ਨਿਜ ਨਾਰੀ ਕੇ ਸੰਗ ਨੇਹੁ ਤੁਮ ਨੀਤ ਬਢਈਅਹੁ  ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜਈਅਹੁ॥51॥

**-ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ**
**ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ**
**ਪਰ ਨਾਰੀ ਕੇ ਹੇਤੁ, ਸੀਸ 'ਦਸ ਸੀਸ ਗਵਾਯੋ**
**ਹੋ ਪਰ ਨਾਰੀ ਕੈਹਤੁ, ਕਟਕ ਕਵਰਨ ਕੋ ਘਾਯੋ॥42॥ (ਚਰਿਤ੍ਰ 21)**

**-ਜਨਨਿ ਜਠਰ ਮਹਿਂ ਆਇ ਪੁਰਖ ਬਹੁਤੇ ਦੁਖ ਪਾਵਹਿ**
**ਮੂਤ੍ਰ ਧਾਮ ਕੋ ਪਾਇ, ਕਹਹਿ ਹਮ ਭੋਮ ਕਮਾਵਹਿ**
**ਥੂਕ ਤ੍ਰਿਯਾ ਕੋ ਚਾਟਿ, ਕਹਿਤ ਅਧਰਾਮ੍ਰਿਤ ਪਾਯੋ**
**ਬ੍ਰਿਥਾ ਜਗਤ ਮੈਂ ਜਨਮ, ਬਿਨਾ ਜਸਦੀਸ਼ ਗਵਾਯੋ।   (ਚਰਿਤ੍ਰ 81)**

ਇਹ ਪਰਮਾਣ ਤਮਾਮ ਗੁਣੀ ਗਿਆਨੀ ਖਾਸ ਕਰਕੇ ਅਨੰਦ ਕਾਰਜ ਸਮੇਂ ਸੁਣਾਉਂਦੇ ਆ ਰਹੇ ਹਨ ਤੇ ਸਿੱਖ ਸਰੋਤੇ ਇਸ ਨੂੰ ਪਰਵਾਨ ਵੀ ਕਰਦੇ ਹਨ। ਇਹ ਠੀਕ ਹੈ, ਇਨ੍ਹਾਂ ਕੁਝ ਕਹਾਣੀਆਂ ਵਿਚ ਕਿਤੇ ਕਿਤੇ ਕੋਈ ਅਸ਼ਲੀਲ ਪਦ ਵੀ ਆਏ ਹਨ ਜੋ ਕਿ ਦੁਰਾਚਾਰੀਆਂ ਦਾ ਯਥਾਰਥ ਦੱਸਣ ਲਈ ਵਰਤੇ ਗਏ ਹਨ ਤੇ ਬਸ; ਸਿਖਿਆ ਬਾਰ ਬਾਰ ਇਹੋ ਦ੍ਰਿੜ੍ਹਾਈ ਹੈ ਕਿ ਇਨ੍ਹਾਂ ਤੋਂ ਜਿਵੇਂ ਕਿਵੇ ਬਚਣਾ ਹੈ। ਨਾ ਤਾਂ ਸਿੱਖ ਇਸ ਦਾ ਅਖੰਡ ਪਾਠ ਕਰਦੇ ਹਨ ਤੇ ਨਾ ਹੀ ਇਹ ਕਥਾਵਾਂ ਨਿਤਨੇਮ ਦਾ ਭਾਗ ਹਨ। ਇਸ ਗ੍ਰੰਥ ਦੇ ਅੰਤ ਵਿਚ 'ਕਬਿਓ ਵਾਚ ਬੇਨਤੀ ਚੌਪਈ' 'ਇਕ ਸੌ ਤੁਕੀ ਰਚਨਾ ਹੈ, ਜਿਸ ਨੂੰ ਸਿੱਖ ਅੰਮ੍ਰਿਤ ਬਾਣੀਆਂ ਵਿਚ ਵੀ ਪੜ੍ਹਦੇ ਹਨ ਤੇ ਰੋਜ਼ਾਨਾ ਨਿਤਨੇਮ ਵਿਚ ਵੀ। ਇਸ ਤੇ ਅੱਜ ਤਕ ਕਿਸੇ ਨੇ ਇਤਰਾਜ਼ ਨਹੀਂ ਕੀਤਾ ਕਿਉਂਕਿ ਇਹ ਕੋਈ ਕਥਾ ਪ੍ਰਸੰਗ ਨਹੀਂ। ਇਹ ਬਾਣੀ ਹੈ, ਇਸ ਵਿਚ ਨਿਰੂਪਣ ਕੀਤੇ ਸਿਧਾਂਤ ਗੁਰਮਤਿ ਸਿਧਾਂਤ ਹਨ, ਜਿਨ੍ਹਾਂ ਦੀ

ਵਿਆਖਿਆ ਕਰਨ ਦੀ ਲੋੜ ਨਹੀਂ। ਸੋ ਜੋ ਅਗਿਆਨੀ ਲੋਕ ਗੁਰੂ ਜੀ ਦੇ ਮੰਤਵ ਨੂੰ ਸਮਝਣ ਵਿਚ ਅਸਮਰਥ ਰਹੇ, ਉਹ ਫਿਰ ਅਜੇਹੀਆਂ ਸ਼ੰਕਾਵਾਂ ਕਰਨ ਲਗ ਪਏ ਕਿ ਗੁਰੂ ਸਾਹਿਬ ਵਰਗੇ ਰੂਹਾਨੀ ਮਹਾਂ ਪੁਰਖ ਨੂੰ ਇਨ੍ਹਾਂ ਅਵਤਾਰਾਂ ਜਾਂ ਵਿਭਚਾਰਨ ਨਾਰਾਂ ਦੀਆਂ ਕਹਾਣੀਆਂ ਲਿਖਣ ਦੀ ਕੀ ਲੋੜ ਸੀ। ਨਾਲ ਹੀ ਉਹਨਾਂ ਇਸ ਗ੍ਰੰਥ ਦੀਆਂ ਹੋਰ ਰਚਨਾਵਾਂ ਬਾਰੇ ਵੀ ਸ਼ੰਕੇ ਖੜੇ ਕਰਨੇ ਸ਼ੁਰੂ ਕਰ ਦਿਤੇ ਤੇ ਕੁਝ ਵਿਚਾਰਕਾਂ ਨੇ ਇਹ ਵੀ ਧੁਮਾ ਦਿਤਾ ਕਿ ਇਹ ਤਾਂ ਸਾਰੀ ਦਰਬਾਰੀ ਕਵੀਆਂ ਦੀ ਰਚਨਾ ਹੈ ਪਰ ਹਕੀਕਤ ਬਿਲਕੁਲ ਇਸਦੇ ਉਲਟ ਸੀ। ਲੋਕ ਗੁਰੂ ਆਸ਼ੇ ਨੂੰ ਨਾ ਸਮਝ ਕੇ ਭੁਲੇਖਿਆ ਦਾ ਸ਼ਿਕਾਰ ਹੁੰਦੇ ਗਏ ਤੇ ਕਚੱਘਰੜ ਗਿਆਨੀ ਊਲ ਜਲੂਲ ਬਕਦੇ ਗਏ। ਜਿਨ੍ਹਾਂ 'ਦਸਮ ਗ੍ਰੰਥ' 'ਨਹੀਂ ਵੀ ਪੜ੍ਹਿਆ, ਉਹ ਵੀ ਨਿਰਾਧਾਰ ਦਲੀਲਾਂ ਘੜਦੇ ਰਹੇ। ਦਸਮਗ੍ਰੰਥ ਦੀ ਪਰਮਾਣਿਕਤਾ ਲਈ ਹਰ ਪਾਠਕ ਨੂੰ ਮੋਟੇ ਨੁਕਤੇ ਧਿਆਨ ਗੋਚਰੇ ਕਰਨੇ ਚਾਹੀਦੇ ਹਨ।

(1) ਇਹ 'ਦਸਵੇਂ ਪਾਤਸ਼ਾਹ ਕਾ ਗ੍ਰੰਥ' ਗੁਰੂ ਜੀ ਦੇ ਪਰਲੋਕ ਸਿਧਾਰ ਜਾਣ ਬਾਅਦ ਹਜ਼ੂਰੀ ਸਿੱਖਾਂ ਨੇ ਸੰਕਲਿਤ ਕੀਤਾ ਜੋ ਕਿ ਇਕ ਇਕ ਚੀਜ਼ ਤੋਂ ਵਾਕਿਫ ਸਨ। ਭਾਈ ਮਨੀ ਸਿੰਘ ਜੀ ਦੀ ਚਿਠੀ ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ।

(2) ਜਿਤਨੇ ਵੀ ਅਠਾਰਵੀਂ ਸਦੀ ਦੇ (ਦਰਜਨ ਦੇ ਲਗਭਗ) ਪ੍ਰਾਚੀਨ ਹੱਥ-ਲਿਖਤ ਦਸਮ ਗ੍ਰੰਥ ਪਰਾਪਤ ਹਨ, ਸਭਨਾਂ ਵਿਚ ਇਹੋ ਰਚਨਾਵਾਂ ਮਿਲਦੀਆਂ ਹਨ। ਕੋਈ ਵਾਧਾ ਘਾਟਾ ਨਹੀਂ।

(3) ਗ੍ਰੰਥ ਦੀ ਅੰਦਰਲੀ ਗਵਾਹੀ ਵੀ ਇਹੋ ਸਿੱਧ ਕਰਦੀ ਹੈ ਕਿ ਇਸ ਦੇ ਕਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਹਨ ਜੋ ਆਪਣੀ ਕਥਾ ਵਿਚ ਵੀ ਆਪ ਦੱਸ ਰਹੇ ਹਨ:

**"ਅਬ ਮੈਂ ਆਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੁਹਿ ਆਨੋ'। (ਬਿਚਿਤ੍ਰ ਨਾਟਕ)**

**ਜਾਂ 'ਸੇਵਕ ਸਿੱਖ ਹਮਾਰੇ ਤਾਰੀਅਹਿ। ਚੁਨਿ ਚੁਨਿ ਸ਼ਤ੍ਰ ਹਮਾਰੇ ਮਾਰੀਅਹਿ'। (ਚੌਪਈ ਸਾਹਿਬ)**

(4) ਇਸ ਵਿਸ਼ਾਲ ਗ੍ਰੰਥ ਦੀ ਸ਼ੈਲੀ ਤੇ ਬੋਲੀ ਵੀ ਇਹੋ ਪਰਮਾਣਿਤ ਕਰਦੀ ਹੈ ਕਿ ਇਸ ਦਾ ਕਰਤਾ ਇਕੋ ਮਹਾਂ ਕਵੀ ਹੈ। ਮਿਸਾਲ ਲਈ ਗੁਰੂ ਸਾਹਿਬ ਅਕਾਲ ਪੁਰਖ ਵਾਸਤੇ, ਭਗਉਤੀ, ਖੜਗ, ਖਗ, ਤੇਗ, ਅਸਿ, ਅਸਿਧੁਜ, ਖੜਗਕੇਤੁ, ਕ੍ਰਿਪਾਨ, ਕਾਲ, ਮਹਾਂਕਾਲ, ਸਰਬ ਕਾਲ, ਸਰਬ ਲੋਹ, ਮਹਾਂਲੋਹ ਅਦਿਕ ਸੰਕੇਤ ਵਰਤਦੇ ਹਨ ਜੋ ਹੋਰ ਕਿਸੇ ਸਮਕਾਲੀ ਕਵੀ ਨੇ ਨਹੀਂ ਵਰਤੇ। ਇਹ ਸੰਕੇਤਾਵਲੀ ਵੱਧ ਘਟ ਰੂਪ ਵਿਚ ਆਪ ਦੀਆਂ ਸਮੂਹ ਰਚਨਾਵਾਂ ਵਿਚ ਪਰਾਪਤ ਹੈ।

(5) ਹਰ ਦਰਬਾਰੀ ਕਵੀ ਨੇ ਆਪਣੀ ਰਚਨਾ ਦੇ ਮੁਢ ਵਿਚ ਗੁਰੂ ਗੋਬਿੰਦ ਰਾਇ ਜੀ ਦਾ ਮੰਗਲਾਚਰਣ ਕੀਤਾ ਹੈ ਲੇਕਿਨ ਦਸਮ ਗ੍ਰੰਥ ਦੀ ਹਰ ਰਚਨਾ ਵਿਚ ਕੇਵਲ ਅਕਾਲ ਸ਼ਕਤੀ ਦਾ ਹੀ ਮੰਗਲ ਹੈ, ਕਿਸੇ ਇਕ ਵਿਅਕਤੀ ਦਾ ਕਿਤੇ ਨਹੀਂ।

(6) ਕਈ ਸਾਂਝੇ ਛੰਦ ਐਸੇ ਹਨ ਜੋ ਬਿਚਿਤ੍ਰ ਨਾਟਕ ਤੇ ਚਰਿਤ੍ਰੋ ਪਖਯਾਨ ਦੋਹਾਂ ਗ੍ਰੰਥਾਂ ਵਿਚ ਆਏ ਹਨ ਜਿਵੇਂ, ਮੇਰੁ ਕੀਯੋ ਤਿਣ ਤੇ, ਯਾ ਕਾਗਦ ਦੀਪ ਸਬੈ ਕਰਕੈ ਆਦਿਕ।

(7) ਪੁਰਾਣੇ ਸਿੱਖਾਂ ਦਾ ਸੀਨੇ ਬਸੀਨੇ ਇਹੋ ਪੱਕਾ ਨਿਸਚਾ ਸੀ ਕਿ ਇਹ ਸਾਰੀ ਦਸਮੇਸ਼ ਗੁਰੂ ਦੀ ਰਚਨਾ ਹੈ, ਇਸੇ ਕਰਕੇ ਪੰਥਕ ਹਦਾਇਤ ਸੀ:

'ਦੁਹੂੰ ਗ੍ਰੰਥ ਮੈ ਬਾਣੀ ਜੋਈ। ਚੁਨ ਚੁਨ ਕੰਠ ਕਰਹਿ ਨਿਤ ਸੋਈ'। (ਰਹਿਤਨਾਮਾ, ਭਾਈ ਦੇਸਾ ਸਿੰਘ)

ਇਸੇ ਵਿਚਾਰ ਅਨੁਸਾਰ ਗੁਰੂ ਦੇ ਸਿੱਖ ਥਾਂ ਥਾਂ ਤੋਂ ਛੰਦ ਚੁਣ ਚੁਣ ਕੇ ਪੜ੍ਹਦੇ ਤੇ ਯਾਦ ਕਰਦੇ ਆ ਰਹੇ ਹਨ। ਪਰੰਤੂ ਗੁਰੂ ਪਦਵੀ ਦਾ ਸਨਮਾਨ ਕੇਵਲ ਸ੍ਰੀ ਗੁਰੂ ਸਾਹਿਬ ਨੂੰ ਹੀ ਪ੍ਰਾਪਤ ਹੈ।

ਜਿਵੇਂ ਗੁਰਬਾਣੀ ਵਿਚ ਸਰਗੁਣਵਾਦੀ ਨਾਂ, ਮਾਧਉ, ਕਮਲਾਪਤਿ, (ਵਿਸ਼ਣੂ) ਗੋਪਾਲ, ਕੇਸ਼ਵ, ਸਿਆਮ (ਕ੍ਰਿਸ਼ਨ) ਰਾਮ, ਰਘੂਨਾਥ(ਰਾਮਚੰਦ੍ਰ) ਆਦਿ ਪਰਮੇਸ਼ਰ ਲਈ ਪ੍ਰਯੋਗ ਵਿਚ ਲਿਆਂਦੇ, ਤਿਵੇਂ ਦਸਮ ਗੁਰੂ ਜੀ ਨੇ ਕਈ ਪੌਰਾਨਿਕ ਨਾਂ ਪ੍ਰਯੋਗ ਕਰਕੇ ਸਾਰੀ ਹਿੰਦ ਨੂੰ ਜੋੜਨ ਦਾ ਕਾਰਜ ਕੀਤਾ ਹੈ। ਸੋ ਬਿਨਾਂ ਪੜ੍ਹੇ ਸੁਣੇ ਯਾ ਸਮਝੇ, ਨਿਖੇਧੀ ਕਰਨਾ ਕੋਈ ਵਿਦਵਤਾ ਨਹੀਂ। ਇਸ ਰਾਹ ਤੇ ਤੁਰ ਕੇ ਅਨੇਕ ਅਗਿਆਨੀਆਂ ਠੋਕਰਾਂ ਖਾਧੀਆਂ ਤੇ ਫਿਰ ਪਸ਼ਚਾਤਾਪ ਕਰਨਾ ਪਿਆ ਹੈ।

ਕਈ ਲੋਕਾਂ ਦੇ ਇਤਰਾਜ਼ ਹਨ ਕਿ ਗੁਰੂ ਸਾਹਿਬ ਨੇ ਅਵਤਾਰਾਂ ਦੀ ਕਥਾ ਤੇ ਵਿਭਚਾਰਨ ਨਾਰਾਂ ਦੀ ਕਹਾਣੀ ਕਿਉਂ ਲਿਖੀ। ਸਿੱਧਾ ਸਾਦਾ ਜਵਾਬ ਤਾਂ ਇਤਨਾ ਹੀ ਹੈ ਕਿ ਅਵਤਾਰ ਕਥਾ ਉਹਨਾਂ ਹਿੰਦੂ ਸ਼ਰਧਾਲੂਆਂ ਦਾ ਉਤਸ਼ਾਹ ਜਗਾਉਣ ਲਈ ਲਿਖੀ ਕਿ ਜੇ ਤੁਹਾਡੇ ਰਾਮ, ਕ੍ਰਿਸ਼ਨ ਜਾਂ ਭੀਮ ਅਰਜਨ ਵੱਡੇ ਵੱਡੇ ਦੈਂਤਾਂ ਨੂੰ ਮਾਰ ਸਕਦੇ ਹਨ ਤਾਂ ਤੁਸੀਂ ਵੀ ਅਜੇਹੇ ਧਰਮ-ਯੁੱਧ ਲਈ ਤਿਆਰ ਹੋਵੋ ਦੂਜੇ, ਇਸਤਰੀ ਚਰਿਤਰ ਲਿਖਣ ਦਾ ਮਨੋਰਥ ਇਤਨਾ ਹੀ ਹੈ ਕਿ ਨਵੇਂ ਸਜੇ ਸਿੰਘ ਇਸ ਵਿਭਚਾਰੀ ਫੰਧੇ ਵਿਚ ਨਾ ਆਉਣ। ਇਨ੍ਹਾਂ ਗ੍ਰੰਥਾਂ ਦਾ ਅਖੰਡ ਪਾਠ ਜਾਂ ਨਿਤਨੇਮ ਕਰਨ ਲਈ ਨਹੀਂ ਆਖਿਆ ਗਿਆ, ਜੋ ਇਨ੍ਹਾਂ ਰਚਨਾਵਾਂ ਵਿਚ ਗੁਰਮਤਿ ਅਨੁਸਾਰੀ ਸਿਖਿਆ ਦੇ ਛੰਦ ਸਨ, ਉਹ ਤਿੰਨ ਸਦੀਆਂ ਤੋਂ ਪੁਰਾਤਨ ਸਿੰਘ ਚੁਣ ਚੁਣ ਕੇ ਪੜ੍ਹਦੇ ਆ ਰਹੇ ਹਨ ਤੇ ਉਸੇ ਪਰੰਪਰਾ ਦੇ ਆਧਾਰ ਤੇ ਅੱਜ ਤੋਂ ਪੰਜਾਹ ਸੱਠ ਵਰ੍ਹੇ ਪਹਿਲਾਂ ਨਵੇਂ ਧਾਰਮਕ ਵਿਦਵਾਨਾਂ ਇਨ੍ਹਾਂ ਨੂੰ ਨਿਤਨੇਮ ਦਾ ਅੰਗ ਬਣਾ ਕੇ 'ਸਿੱਖ ਰਹਿਤ ਮਰਯਾਦਾ' ਵਿਚ ਅੰਕਿਤ ਕੀਤਾ ਹੈ।

ਕੁਝ ਵਿਚਾਰਕਾਂ ਵੱਲੋਂ ਇਹ ਦਲੀਲ ਵੀ ਪੇਸ਼ ਹੁੰਦੀ ਹੈ ਕਿ ਗੁਰੂ ਸਾਹਿਬ ਇਤਨੀਆਂ ਰਚਨਾਵਾਂ ਕਿਵੇਂ ਲਿਖ ਸਕਦੇ ਹਨ? ਉਹਨਾਂ ਪਾਸ ਕਿੰਨਾ ਕੁ ਸਮਾਂ ਸੀ। 1675 ਈ. ਤੋਂ ਲੈ ਕੇ 1700 ਈ. ਥਕ 25 ਵਰ੍ਹੇ ਬਣਦੇ ਹਨ ਜਦੋਂ ਕਿ ਗੁਰੂ ਸਾਹਿਬ ਨੇ ਇਹ ਰਚਨਾਵਾਂ ਰਚੀਆਂ, ਇਸ ਤੋਂ ਬਾਦ ਜੰਗਾਂ ਜੁੱਧਾਂ ਦੇ ਰੇੜਕੇ ਪੈ ਗਏ। ਸੋ 25 ਸਾਲ ਥੋੜ੍ਹੇ ਨਹੀਂ। ਜਿਨ੍ਹਾਂ ਨੇ ਕੰਮ ਕਰਨਾ ਹੁੰਦਾ ਹੈ, ਉਹ ਆਪਣੀ ਲਗਨ ਤੇ ਮਿਹਨਤ ਨਾਲ ਸਭੋ ਕੁਝ ਕਰ ਗੁਜ਼ਰਦੇ ਹਨ। ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਵੀਰ ਸਿੰਘ ਨੇ ਕਈ ਹਜ਼ਾਰ ਪੰਨੇ ਲਿਖੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤ ਦੀਆਂ ਅਨੇਕ ਪੌਰਾਣਕ ਕਥਾਵਾਂ ਦੇ ਹਵਾਲੇ ਥਾਂ ਥਾਂ ਦਿਤੇ ਗਏ ਹਨ, ਦਸਮ ਗ੍ਰੰਥ ਵਿਚ ਆਈ ਅਵਤਾਰ ਕਥਾ ਤੋਂ ਪਾਠਕ ਇਹ ਜਾਣਕਾਰੀ ਵੀ ਸਹਿਜੇ ਹਾਸਲ ਕਰ ਲੈਂਦਾ ਹੈ ਕਿ ਇਹ ਪਾਤਰ ਕਿਸ ਪ੍ਰਸੰਗ ਵਿਚ ਆਏ ਤੇ ਇਨ੍ਹਾਂ ਦੀ ਕਹਾਣੀ ਕੀ ਹੈ। ਪੁਰਾਤਨ ਟਕਸਾਲੀ ਗਿਆਨੀ ਇਸ ਤੋਂ ਅਜੇਹਾ ਲਾਭ ਵੀ ਲੈਂਦੇ ਆਏ ਹਨ ਅਤੇ ਸਾਡੇ ਪੁਰਾਤਨ ਇਤਿਹਾਸਕਾਰਾਂ ਇਸ ਗੱਲ ਦੀ ਚਰਚਾ ਵੀ ਕੀਤੀ ਹੈ। ਸੋ ਵਾਕਫੀ ਲਈ ਵੀ ਇਸ ਦੀ ਉਪਯੋਗਤਾ ਸਵੀਕਾਰੀ ਜਾਂਦੀ ਹੈ।

# ਗੁਰਬਾਣੀ ਦਾ ਆਸ਼ਾ ਇਕ ਹੈ

*- ਭਾਈ ਸਾਹਿਬ ਰਣਧੀਰ ਸਿੰਘ ਜੀ*

ਜਦ ਹਰਨਾਖਸ਼ ਦੁਸ਼ਟ ਉਤਪਾਦ (ਉਪੱਦਰ) ਅਤਿਆਚਾਰ ਕਰਨ ਲਗਾ ਤਾਂ ਉਸ ਦੇ ਦਮਨ ਨਮਿਤ "ਘਰਿ ਹਰਣਾਖਸ਼ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦ" ਉਤਪੰਨ ਕੀਤਾ। ਪਰਮ ਅਹੰਕਾਰੀ ਦੁਸ਼ਟ ਅਤੇ ਅਤਿਆਚਾਰੀ ਹਰਨਾਖਸ਼ ਆਪਣੇ ਆਪ ਨੂੰ ਹੀ ਸਭ ਹਰਤਾ ਕਰਤਾ ਸਮਝਦਾ ਸੀ ਅਤੇ ਆਪਨੇ ਤਾਈਂ ਹੀ ਪਰਮੇਸ਼ਰ ਜਣਾਉਂਦਾ ਸੀ, ਪ੍ਰੰਤੂ 'ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ' ਦੇ ਗੁਰਵਾਕ ਅਨੁਸਾਰ ਸਰਬੱਗ ਹਰੀ ਪ੍ਰਮਾਤਮਾ ਨੂੰ ਅਜਿਹਾ ਹੰਕਾਰ ਨਹੀਂ ਭਾਂਵਦਾ। ਸੋ ਇਸ ਹੰਕਾਰੀ ਦੇ ਦਮਨ ਨਮਿਤ, ਪ੍ਰਮਾਤਮ-ਭਗਤ-ਵਡਿਆਈ ਦੀ ਪੈਜ ਸੰਵਾਰਨ ਨਮਿਤ ਅਕਾਲ ਪੁਰਖ ਨਿਰੰਕਾਰ ਸਰਬ ਸ਼ਕਤੀਮਾਨ ਨੇ ਆਪਣੀ ਅਗਾਧ ਕਲਾ ਵਰਤਾ ਕੇ ਨਰ-ਸਿੰਘ ਦਾ ਰੂਪ ਰਚਾਇਆ ਤੇ ਉਸ ਨਰ-ਸਿੰਘ ਰੂਪ ਵਿਚ ਆਪਣੀ ਸ਼ਕਤਿ-ਕਲਾ ਵਰਤਾ ਕੇ ਹਰਨਾਖਸ਼ ਦੁਸ਼ਟ ਦਾ ਖੈ ਕੀਤਾ ਅਤੇ ਭਗਤ ਪ੍ਰਹਿਲਾਦ ਦੀ ਰਖਿਆ ਕੀਤੀ। ਇਸ ਬਿਧਿ ਭਾਉ-ਭਗਤ ਵਡਿਆਈ ਦੀ ਪੈਜ ਸੰਵਾਰੀ। ਇਸ ਬਿਧਿ ਸੋਧ ਸੁਧਾਈ ਕਰ ਕੇ ਅਕਾਲ ਪੁਰਖ ਨੇ ਨਰ-ਸਿੰਘ ਦਾ ਰੂਪ ਨਿਵਾਰਨ ਕਰਿ ਆਪਣੀ ਕਲਾ ਖਿੱਚ ਲਈ ਅਤੇ ਨਰ-ਸਿੰਘ ਰੂਪ (ਅਲੋਪ) ਹੋ ਗਿਆ।

ਭਰਮ-ਭੂਲੇ ਜੀਵਾਂ ਨੇ ਇਸ ਨਰ-ਸਿੰਘ ਰੂਪ ਨੂੰ ਹੀ ਅਕਾਲ ਪੁਰਖ ਪਰਮੇਸ਼ਰ ਕਰਿ ਮੰਨ ਲਿਆ ਅਤੇ ਇਸ ਦੀ ਪੂਜਾ, ਇਸ ਨੂੰ ਅਕਾਲ ਪੁਰਖ ਮੰਨ ਕੇ ਕਰਨ ਲਗ ਪਏ। ਨਰ-ਸਿੰਘ ਦਾ ਰੂਪ ਆਕਾਰੀ ਅਵਤਾਰ ਨਿਰੰਕਾਰ ਅਕਾਲ ਪੁਰਖ ਦਾ ਇਕ ਕਲਾ-ਕ੍ਰਿਸ਼ਮੀ ਚਮਤਕਾਰ ਸੀ, ਨਾ ਕਿ ਉਹ ਖੁਦ ਨਿਰੰਕਾਰ ਸੀ। ਨਿਰੰਕਾਰ ਨੇ ਕਲਾ ਵਰਤਾ ਕੇ ਦੁਸ਼ਟ ਹਰਨਾਖਸ਼ ਨੂੰ ਮਾਰਿਆ, ਜੈਸਾ ਕਿ "ਹਰਣਾਖਸ਼ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ" ਵਾਲੇ ਗੁਰਵਾਕ ਤੋਂ ਸਪਸ਼ਟ ਹੈ। ਇਸ ਤੁਕ ਤੋਂ ਸਾਫ ਸ਼ਪੱਸ਼ਟ ਇਹ ਹੈ ਕਿ ਹਰੀ ਪ੍ਰਮਾਤਮਾ ਹੀ ਜੁਗ ਜੁਗ ਭਗਤ ਉਪਾ ਕੇ ਪੈਜ ਰਖਣ ਵਾਲਾ ਹੈ ਅਤੇ ਹਰੀ ਪ੍ਰਮਾਤਮਾ ਹੀ ਹਰਨਾਖਸ਼ ਦੁਸ਼ਟ ਨੂੰ ਮਾਰ ਕੇ ਪ੍ਰਹਿਲਾਦ ਨੂੰ ਤਰਾਵਨਹਾਰਾ ਹੈ। ਇਸ ਵਿਚ ਕਈ ਸਜਣ ਮੁਗਾਲਤਾ ਇਹ ਖਾਂਦੇ ਹਨ ਕਿ ਨਰ-ਸਿੰਘ ਅਵਤਾਰ ਨੇ ਹੀ ਇਹ ਸਾਰਾ ਕੰਮ ਕੀਤਾ, ਤਾਂ ਤੇ ਗੁਰਮਤਿ ਅੰਦਰ ਭੀ ਅਵਤਾਰ-ਮਨੌਤੀ ਦਾ ਵਿਧਾਨ ਹੈ।

ਇਹ ਉਨ੍ਹਾਂ ਦੀ ਭੁਲ ਹੈ। ਬਲ ਪ੍ਰਦਾਨ ਕਰਨਹਾਰਾ ਅਕਲ-ਕਲਾ-ਭਰਪੂਰ ਨਿਰੰਕਾਰ ਅਕਾਲ ਪੁਰਖ ਹੈ। ਇਨ੍ਹਾਂ ਸਰੀਰ-ਆਕਾਰੀ-ਅਵਤਾਰਾਂ ਨੂੰ ਤਾਂ ਆਪਣਾ ਬਲ ਬਕਸ਼ ਕੇ ਆਪਣਾ ਚਲਤ-ਕਲਾ-ਚਮਤਕਾਰੀ-ਚੋਜ ਵਰਤਾਇਆ ਹੈ। ਜਿਤਨੇ ਭੀ ਚੋਜ-ਅਵਤਾਰ-ਅਡੰਬਰੀ-ਆਕਾਰ ਹੋਏ, ਸਭਨਾਂ ਨੇ ਅਕਾਲ ਪੁਰਖ ਤੋਂ ਸ਼ਕਤਿ-ਕਲਾ-ਬਲ ਪ੍ਰਾਪਤ ਕੀਤੇ। ਇਸ ਆਸ਼ੇ ਨੂੰ ਕਿਆ ਬਿਧਿ ਅਤੇ ਇਸ ਖੂਬੀ ਨਾਲ ਸਿਰੀ ਦਸਮੇਸ਼ ਪਿਤਾ ਜੀ ਨੇ ਆਪਣੇ ਇਸ ਸਿਰੀ ਮੁਖਵਾਕ ਦੁਆਰਾ ਨਿਰੂਪਨ ਕੀਤਾ ਹੈ:-

*ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ॥*
*ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤਿ ਦਾ ਖੇਲ ਰਚਾਇ ਬਣਾਇਆ॥*
*ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥*
*ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦ ਰਚਾਇਆ॥*
*ਤੈ ਹੀ ਦੁਰਗਾ ਸਾਜਿ ਕੈ ਦੈਂਤਾ ਦਾ ਨਾਸੁ ਕਰਾਇਆ॥*
*ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥*
*ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥*
*ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥*
*ਕਿਨੀ ਤੇਰਾ ਅੰਤੁ ਨ ਪਾਇਆ॥2॥* *ਦਸਮ ਗ੍ਰੰਥ, ਚੰਡੀ ਦੀ ਵਾਰ*

ਉਪਰਲੇ ਸਿਰੀ ਦਸਮੇਸ਼ ਮੁਖਵਾਕ ਤੋਂ ਸਾਫ ਸਿਧ ਹੁੰਦਾ ਹੈ ਕਿ ਦੁਰਗਾ, ਰਾਮ, ਕ੍ਰਿਸ਼ਨ ਆਦਿਕ ਨੇ ਜੋ ਦੈਂਤਾਂ ਦੁਸ਼ਟਾਂ ਨੂੰ ਦਮਨ ਬਿਨਾਸ ਕਰਨ ਦੇ ਕੰਮ ਕੀਤੇ, ਸੋ ਸਭ ਅਕਾਲ ਪੁਰਖ ਤੋਂ ਬਲ-ਸ਼ਕਤਿ-ਕਲਾ ਲੈ ਕੇ ਹੀ ਕੀਤੇ। ਅਕਾਲ ਪੁਰਖ ਨੇ ਹੀ ਇਨ੍ਹਾਂ ਨੂੰ ਬਲ ਪਰਦਾਨ ਕੀਤਾ ਤਾਂ ਦੁਸ਼ਟ ਦੂਤ ਖੈ ਹੋਏ। ਆਪੋਂ ਓਹਨਾਂ ਵਿਚ ਕੋਈ ਬਲ-ਸ਼ਕਤਿ ਕਲਾ ਨਹੀਂ ਸੀ। ਤਾਂਤੇ ਦੁਸ਼ਟਾਂ ਨੂੰ ਮਾਰਨ ਬਿਦਾਰਨ ਦੀ ਵਾਸਤਵ ਵਿਚ ਅਕਾਲ ਪੁਰਖ ਨੇ ਹੀ ਆਪਣੀ ਖਾਸ ਕਲਾ ਵਰਤਾ ਕੇ ਓਹਨਾਂ ਨੂੰ ਖੈ ਕੀਤਾ। ਇਹ ਸਭ ਪਰਤਾਪ ਸਰਬ ਕਲਾ ਸਮਰੱਥ ਅਕਾਲ-ਪੁਰਖ ਨਿਰੰਕਾਰ ਦਾ ਹੀ ਹੈ। ਉਸ ਦੇ ਕੀਤੇ (ਰਚਨਹਾਰ ਦੇ ਰਚੇ) ਜੰਤਾਂ ਵਿਚਾਰਿਆਂ ਦੀ, ਉਸ ਦੇ ਬਲ ਬਖਸ਼ੇ ਬਿਨਾਂ ਕੀ ਪ੍ਰੋਖੌਂ ਸੀ ਕਿ ਅਜਿਹੇ ਕਾਰਨਾਮੇ ਕਰ ਸਕਦੇ। ਇਹ ਸਭ ਅਕਾਲ ਪੁਰਖ ਦੀ ਕਲਾ ਦਾ ਹੀ ਜ਼ਹੂਰ ਹੈ।

ਤਾਂਤੇ ਜਿਥੇ ਬਚਿਤ੍ਰ ਨਾਟਕ ਅੰਦਰ (ਮੁਢਲੇ) ਅੰਕ 93 ਤੋਂ ਲੈ ਕੇ ਅੰਕ 95 ਤਾਈਂ ਅਕਾਲ ਪੁਰਖ ਦੀ ਅਕਲ-ਕਲਾ ਦੇ ਜ਼ਹੂਰ ਦਾ ਵਰਨਣ ਹੈ, ਓਥੇ ਸਿਰੀ ਅਕਾਲ ਉਸਤਤਿ ਅੰਦਰ 211 ਤੋਂ ਲੈ ਕੇ 230 ਵਾਲੇ ਦੀਰਘ ਤ੍ਰਿਭੰਗੀ ਛੰਦ ਦੇ ਸਾਰੇ ਅੰਕਾਂ ਦਾ ਭੀ ਓਹੀ ਅਭਿਪਰਾ ਹੈ। ਪਰ ਸ਼ੰਕਾ ਕਰਨ ਵਾਲੇ ਬਚਿਤ੍ਰ ਨਾਟਕ ਵਾਲੇ ਅੰਕਾਂ ਅੰਦਰ ਆਏ ਭਾਵ ਨੂੰ ਤਾਂ ਪੂਰਨ ਗੁਰਮਤਿ ਅਨੁਕੂਲ ਮੰਨਦੇ ਹਨ ਅਤੇ ਏਹਨਾਂ ਅੰਕਾਂ ਵਾਲੇ ਵਾਕਾਂ ਨੂੰ ਸਿਰੀ ਮੁਖਵਾਕ ਮੰਨਦੇ ਹਨ, ਪ੍ਰੰਤੂ ਅਕਾਲ ਉਸਤਤਿ ਵਾਲੇ ਦੀਰਘ ਤ੍ਰਿਭੰਗੀ ਛੰਦ ਦੇ ਭਾਵ ਨੂੰ ਗੁਰਮਤਿ ਪ੍ਰਤਿਕੂਲ ਸਮਝਦੇ ਹਨ ਅਤੇ 211 ਤੋਂ ਲੈ ਕੇ 230 ਤਾਈਂ ਸਾਰੇ ਅੰਕਾਂ ਵਾਲੇ ਵਾਕਾਂ ਨੂੰ ਸਿਰੀ ਮੁਖਵਾਕ ਨਹੀਂ ਸਮਝਦੇ। ਓਹਨਾਂ ਨੂੰ ਓਹ ਮੁਗਾਲਤਾ ਲਗਾ ਹੈ, ਜੋ ਅਸੀਂ ਉਪਰ ਵਿਸਥਾਰ ਸਹਿਤ ਕਥਨ ਕਰ ਆਏ ਹਾਂ।

*( ਪੁਸਤਕ ਗੁਰਮਤਿ ਲੇਖ ਵਿਚੋਂ )*

This article is an extract from Bhai Sahib Bhai Randhir Singh Ji's book named ' ਗੁਰਮਤਿ ਲੇਖ ' (Gurmat Lekh). Bhai Sahib was a strong proponent of Sri Dasam Granth, and much of matter in ਗੁਰਮਤਿ ਲੇਖ was written in response to the Teja Singh Bhasauree group who at that time, much like the pro-Kala Afghana lobby of today, was attacking the validity of Sri Dasam Granth and Bhagat Banee.

## ਪ੍ਰਿਥਮ ਭਗੌਤੀ ਸਿਮਰ ਕੈ...

ਭਾਈ ਕ੍ਹਾਨ ਸਿੰਘ ਨਾਭਾ

*Extract of a dialog between a Sikh and a Hindoo from the Bhai Kahn Singh's "Hum Hindoo Nahee" :*

**ਹਿੰਦੂ:** ਸਿੱਖਾਂ ਦਾ ਨਿਤ ਅਰਦਾਸ ਵੇਲੇ ਪੜਨਾ ਕਿ:
ਪ੍ਰਿਥਮ ਭਗੌਤੀ ਸਿਮਰ ਕੈ....।

ਸਾਫ ਸਿਧ ਕਰਦਾ ਹੈ ਕਿ ਖਾਲਸਾ ਧਰਮ ਵਿਚ ਦੇਵੀ ਉਪਾਸਨਾ ਹੈ। ਅਸਲ ਵਿਚ ਭਗੌਤੀ ਪਦ ਸੰਸਕ੍ਰਿਤ 'ਭਗਵਤੀ' ਹੈ, ਜਿਸ ਦਾ ਅਰਥ ਦੇਵੀ ਹੈ। ਗੁਰੂ ਗੋਬਿੰਦ ਸਿੰਘ ਜੀ ਫਾਰਸੀ ਅੱਖਰਾਂ ਵਿਚ ਆਪਣੀ ਕਵਿਤਾ ਲਿਖਿਆ ਕਰਦੇ ਸੇ, ਸੋ ਭਗਵਤੀ ਔਰ ਭਗੌਤੀ ਇਕੋ ਪੜ੍ਹਿਆ ਜਾਂਦਾ ਹੈ। ਗੁਰਮੁਖੀ ਲਿਖਾਰੀਆਂ ਨੇ ਅਸਲ ਸ਼ੁਧ ਪਾਠ ਸਮਝੇ ਬਿਨਾ ਭਗਵਤੀ ਦੀ ਥਾਂ ਭਗੌਤੀ ਲਿਖ ਦਿਤਾ ਹੈ।

**ਸਿੱਖ:** ਭਗੌਤੀ ਪਦ ਪਰ ਗੁਰਮਤਿ ਸੁਧਾਰਕ ਵਿਚ ਚਰਚਾ ਕੀਤੀ ਗਈ ਹੈ, ਆਪ ਉਸ ਨੂੰ ਦੇਖ ਕੇ ਸੰਸਾ ਮਿਟਾ ਸਕਦੇ ਹੋ, ਪਰ ਅਸੀਂ ਆਪ ਨੂੰ ਦੋ ਚਾਰ ਪ੍ਰਸ਼ਨ ਕਰਦੇ ਹਾਂ ਜਿਨ੍ਹਾਂ ਤੋਂ ਆਪ ਦੀ ਤਸੱਲੀ ਹੋ ਜਾਏਗੀ।

(ੳ) ਚੰਡੀ ਦੀ ਵਾਰ ਵਿਚ ਪਾਠ ਹੈ:

***ਲਈ ਭਗੌਤੀ ਦੁਰਗ ਸ਼ਾਹ ਵਰਜਾਗਨ ਭਾਰੀ॥ ਲਾਈ ਰਾਜੇ ਸੁੰਭ ਨੂੰ ਰਤ ਪੀਏ ਪਿਆਰੀ॥***

ਕੀ ਇਸ ਦਾ ਭਾਵ ਇਹ ਹੈ ਕਿ ਦੁਰਗਾ ਨੇ ਭਗਵਤੀ (ਦੇਵੀ) ਫੜ ਕੇ ਰਾਜੇ ਸੁੰਭ ਦੇ ਸਿਰ ਵਿਚ ਮਾਰੀ, ਜਿਸ ਨੇ ਉਸ ਦਾ ਲਹੂ ਚੱਖਿਆ?

(ਅ) ਕੀ ਗੁਰੂ ਅਰਜਨ ਸਾਹਿਬ ਭੀ ਫਾਰਸੀ ਅੱਖਰਾਂ ਵਿਚ ਸ਼ਬਦ ਲਿਖਿਆ ਕਰਦੇ ਸੇ, ਜਿਨ੍ਹਾਂ ਦੀ ਨਕਲ ਕਰਨ ਵੇਲੇ ਭਾਈ ਗੁਰਦਾਸ ਜੀ ਧੋਖਾ ਖਾ ਗਏ? ਦੇਖੋ! ਸੁਖਮਨੀ ਦਾ ਪਾਠ:

***ਭਗਉਤੀ ਭਗਵੰਤ ਭਗਤਿ ਕਾ ਰੰਗ॥ ਸਗਲ ਤਿਆਗੈ ਦੁਸਟ ਕਾ ਸੰਗੁ॥***
***ਸਾਧਸੰਗਿ ਪਾਪਾ ਮਲੁ ਖੋਵੈ॥ ਤਿਸ ਭਗਉਤੀ ਕੀ ਮਤਿ ਊਤਮ ਹੋਵੈ॥....***

***ਹਰਿ ਕੇ ਚਰਨ ਹਿਰਦੈ ਬਸਾਵੈ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥***

ਕਿਉਂ ਸਾਹਿਬ! ਇਹ ਭਗੌਤੀ ਹੈ ਜਾਂ ਭਗਵਤੀ? ਔਰ ਇਸਤ੍ਰੀ ਲਿੰਗ ਹੈ ਜਾਂ ਪੁਲਿੰਗ?

(ੲ) ਭਗੌਤੀ ਸਤੋਤ੍ਰ ਔਰ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਲਿਖਿਆ ਹੈ:

***ਨਮੋ ਸ੍ਰੀ ਭਗੌਤੀ ਭਵੈਲੀ ਸਰੋਹੀ॥ (ਭਗਉਤੀ ਸਤੋਤ੍ਰ ਸਤਰ 1)***
***....ਨਾਉ ਭਗੌਤੀ ਲੋਹ ਘੜਾਯਾ।...॥26॥ (ਭਾਈ ਗੁਰਦਾਸ, ਵਾਰ 25)***

ਕੀ ਭਗਵਤੀ (ਦੇਵੀ) ਨੂੰ ਸਾਨ ਪਰ ਬਾਢ ਚੜ੍ਹਾਇਆ ਜਾਂਦਾ ਹੈ? ਔਰ ਕੀ ਉਹ ਲੋਹੇ ਦੀ ਘੜੀ ਹੋਈ ਹੈ? ਮੇਰੇ ਪ੍ਰੇਮੀ ਹਿੰਦੂ ਜੀ! 'ਦਬਿਸਤਾਨਿ ਮਜ਼ਿਹਬ' ਦੇ ਕਰਤਾ ਨੇ ਇਕ ਅੱਖੀਂ ਦੇਖਿਆ ਪ੍ਰਸੰਗ ਦੇਵੀ ਦਾ ਲਿਖਿਆ ਹੈ, ਜਿਸ ਤੋਂ ਗੁਰਸਿੱਖਾਂ ਵਿਚ ਦੇਵੀ ਦੇ ਸਨਮਾਨ ਦੀ ਅਸਲੀਅਤ ਪ੍ਰਗਟ ਹੁੰਦੀ ਹੈ, ਧਿਆਨ ਦੇ ਕੇ ਸੁਣੀਏ:

'ਗੁਰੂ ਹਰਿਗੋਬਿੰਦ ਜੀ ਕੀਰਤਪੁਰ ਪਹੁੰਚੇ, ਜੋ ਰਾਜਾ ਤਾਰਾ ਚੰਦ ਦੀ ਰਾਜਧਾਨੀ ਵਿਚ ਸੀ, ਉਥੋਂ ਦੇ ਲੋਕ ਮੂਰਤੀ ਪੂਜਕ ਸਨ। ਪਹਾੜ ਦੇ ਸਿਰ ਪਰ ਇਕ ਨੈਣਾਂ ਦੇਵੀ ਦਾ ਮੰਦਰ ਸੀ, ਜਿਸ ਨੂੰ ਪੂਜਣ ਲਈ ਆਸ ਪਾਸ ਦੇ ਲੋਕ ਆਇਆ ਕਰਦੇ ਸਨ। ਇਕ ਭੈਰੋਂ ਨਾਮੀ ਗੁਰੂ ਦੇ ਸਿਖ ਨੇ ਮੰਦਰ ਵਿਚ ਪਹੁੰਚ ਕੇ ਨੈਣਾ ਦੇਵੀ ਦਾ ਨੱਕ ਤੋੜ ਸੁਟਿਆ। ਇਸ ਗਲ ਦੀ ਚਰਚਾ ਸਾਰੇ ਫੈਲ ਗਈ, ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਪਾਸ ਪਹੁੰਚ ਕੇ ਸਿੱਖ ਦੀ ਸ਼ਿਕਾਇਤ ਕੀਤੀ। ਗੁਰੂ ਸਾਹਿਬ ਨੇ ਭੈਰੋਂ ਸਿੱਖ ਨੂੰ ਰਾਜਿਆਂ ਦੇ ਸਾਹਮਣੇ ਬੁਲਾ ਕੇ ਪੁਛਿਆ, ਤੇ ਉਸ ਨੇ ਆਖਿਆ ਕਿ ਦੇਵੀ ਤੋਂ ਪੁੱਛਣਾ ਚਾਹੀਦਾ ਹੈ ਕਿ ਉਸ ਦਾ ਨੱਕ ਕਿਸ ਨੇ ਤੋੜਿਆ ਹੈ? ਇਸ ਪਰ ਰਾਜਿਆਂ ਨੇ ਭੈਰੋਂ ਨੂੰ ਆਖਿਆ ਕਿ ਹੇ ਮੂਰਖ! ਕਦੇ ਦੇਵੀ ਭੀ ਗੱਲਾਂ ਕਰ ਸਕਦੀ ਹੈ? ਭੈਰੋਂ ਨੇ ਹਸ ਕੇ ਜਵਾਬ ਦਿਤਾ ਕਿ ਜੋ ਦੇਵੀ ਬੋਲ ਨਹੀਂ ਸਕਦੀ ਔਰ ਆਪਣੇ ਅੰਗਾਂ ਨੂੰ ਨਹੀਂ ਬਚਾ ਸਕਦੀ, ਤੁਸੀਂ ਉਸ ਤੋਂ ਨੇਕੀ ਦੀ ਕੀ ਉਮੀਦ ਰਖਦੇ ਹੋ? ਇਸ ਗਲ ਨੂੰ ਸੁਣ ਕੇ ਰਾਜੇ ਚੁੱਪ ਹੋ ਗਏ।"

*(ਭਾਈ ਕਾਹਨ ਸਿੰਘ ਨਾਭਾ - "ਹਮ ਹਿੰਦੂ ਨਹੀਂ " ਵਿਚੋਂ )*

# ਮਹਾਕਾਲ ਕਾਲਿਕਾ ਅਰਾਧੀ

**- ਭਾਈ ਕਾਹਨ ਸਿੰਘ ਨਾਭਾ**

ਹਿੰਦੂ: ਆਪ ਦੇਵੀ ਦੇਵਤਿਆਂ ਦੇ ਪੂਜਨ ਦਾ ਗੁਰਮਤ ਵਿਚ ਨਿਸ਼ਿਧ ਆਖਦੇ ਹੋ ਪਰ ਦਸਵੇਂ ਗੁਰੂ ਜੀ ਨਏਖੁਦ ਦੇਵੀ ਪੂਜੀ ਜੈ, ਜੇਹਾ ਕਿ ਬਚਿਤ੍ਰ ਨਾਟਕ ਦੇ ਇਸ ਬਚਨ ਤੋਂ

**ਮਹਾਕਾਲ ਕਾਲਿਕਾ ਅਰਾਧੀ॥ (ਬਚਿਤ੍ਰ ਨਾਟਕ ਅਧਿਆ 6)**

ਪ੍ਰਤੀਤ ਹੁੰਦਾ ਹੈ ਅਰ ਓਹਨਾਂ ਦੇ ਦੁਰਗਾ ਦੀ ਮਹਿਮਾ ਵਿਚ ਚੰਡੀ ਚਰਿਤ੍ਰ ਲਿਖਿਆ ਹੈ ਔਰ ਉਸ ਦੇ ਪਾਠ ਦਾ ਮਹਾਤਮ ਦਸਿਆ ਹੈ, ਯਥਾ:

**ਜਾਹਿ ਨਮਿੱਤ ਪੜੈ ਸੁਨਹੈ ਨਰ, ਸੋ ਨਿਸਚੈ ਕਰਿ ਤਾਹਿ ਦਈ ਹੈ॥ (ਚੰਡੀ ਚਰਿਤ੍ਰ ਉਕਤਿ ਪਾ.10)**

**ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥ (ਵਾਰ ਚੰਡੀ ਪਾ.10)**

ਸਿੱਖ: ਪਿਆਰੇ ਹਿੰਦੂ ਭਾਈ! ਗੁਰੂ ਸਾਹਿਬ ਨੇ ਅਕਾਲ ਪੁਰਖ ਨੂੰ ਤ੍ਰਿਲਿੰਗ ਰੂਪ ਵਰਨਣ ਕੀਤਾ ਹੈ, ਯਥਾ

**ਨਮੋ ਪਰਮ ਗਿਆਤਾ॥ ਨਮੋ ਲੋਕ ਮਾਤਾ॥52॥**

ਇਸ ਥਾਂ ਕਾਲਿਕਾ ਪਦ ਦਾ ਅਰਥ ਅਕਾਲ ਤੋਂ ਭਿਨ ਕੋਈ ਦੇਵੀ ਨਹੀਂ ਹੈ। ਜੇ ਦੇਵੀ ਦੀ ਉਪਾਸਨਾ ਹੁੰਦੀ ਤਦ ਅਗੇ **"ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥"** ਦੀ ਥਾਂ **"ਤ੍ਰੈ ਤੇ ਏਕ ਰੂਪ ਹ੍ਵੈ ਗਯੋ॥"** ਦਾ ਪਾਠ ਹੁੰਦਾ ਅਰ **"ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ"** ਦੀ ਥਾਂ **"ਅਕਾਲ ਅਰ ਕਾਲਿਕਾ ਬਾਚ"** ਹੁੰਦਾ। ਆਪ ਨੂੰ ਨਿਰਸੰਦੇਹ ਕਰਨ ਲਈ ਅਸੀਂ ਪ੍ਰਬਲ ਪੰਜ ਯੁਕਤੀਆਂ ਨਾਲ ਦੇਵੀ ਦੇ ਪੂਜਨ ਦਾ ਖੰਡਨ ਦਿਖਾਉਂਦੇ ਹਾਂ।

(ੳ) ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਹੁਕਮ ਦਿਤਾ ਹੈ:

**ਬਿਨ ਕਰਤਾਰ ਨ ਕਿਰਤਮ ਮਾਨੋ॥ (ਸ਼ਬਸ ਹਜ਼ਾਰੇ ਪਾ.10)**

ਅਰਥਾਤ ਕਰੀ ਹੋਈ ਵਸਤੂ ਨੂੰ ਨਾ ਪੂਜੋ, ਕਰਤਾਰ (ਕਰਨ ਵਾਲੇ) ਦੀ ਉਪਾਸਨਾ ਕਰੋ।

ਔਰ **ਚੰਡੀ ਦੀ ਵਾਰ** ਵਿਚ ਜ਼ਿਕਰ ਹੈ:

**ਤੈਂ ਹੀ ਦੁਰਗਾ ਸਾਜ ਕੇ ਦੈਂਤਾਂ ਦਾ ਨਾਸੁ ਕਰਾਇਆ॥...॥2॥ (ਵਾਰ ਚੰਡੀ ਪਾ.10)**

ਇਸ ਤੋਂ ਸਿਧ ਹੈ ਕੀ ਦੁਰਗਾ ਸਾਜਣ ਵਾਲਾ ਕਰਤਾਰ ਹੋਰ ਹੈ ਔਰ ਦੁਰਗਾ ਉਸ ਦੀ ਰਚੀ ਹੋਈ ਹੈ। ਕੀ ਇਹ ਹੋ ਸਕਦਾ ਹੈ ਕਿ ਗੁਰੂ ਹੀ ਸਿੱਖਾਂ ਨੂੰ ਉਪਦੇਸ਼ ਕੁਛ ਦੇਣ ਤੇ ਆਪ ਅਮਲ ਕੁਛ ਹੋਰ ਕਰਨ? ਅਰਥਾਤ ਸਿੱਖਾਂ ਨੂੰ ਕਰਤਾਰ ਪੂਜਣਾ ਦੱਸਣ ਤੇ ਆਪ ਕਰੀ ਹੋਈ ਵਸਤੂ ਦੇ ਉਪਾਸਕ ਬਣਨ?

(ਅ) ਗੁਰੂ ਸਾਹਿਬ ਪ੍ਰਤੱਗਿਤਾ ਕਰਦੇ ਹਨ:

**ਤੁਮਹਿ ਛਾਡਿ ਕੋਈ ਅਵਰ ਨ ਧਿਆਊਂ ॥**
**ਜੋ ਬਰ ਚਾਹੋਂ ਸੋ ਤੁਮ ਤੇ ਪਾਊਂ ॥ (ਚੌਪਈ ਪਾ. 10)**

**ਇਕ ਬਿਨ ਦੂਸਰ ਸੋ ਨ ਚਿਨਾਰ ॥ (ਸ਼ਬਦ ਹਜ਼ਾਰੇ ਪਾ.10)**

**ਭਜੋ ਸੋ ਏਕ ਨਾਮਯੰ ॥ ਜੁ ਕਾਮ ਸਰਬ ਠਿਮਯੰ ॥**
**ਨ ਧਯਾਨ ਆਨ ਕੋ ਧਰੋਂ ॥  ਨ ਨਾਮ ਆਨ ਉਚਰੋਂ ॥.... ॥38॥ (ਬਚਿਤ੍ਰ ਨਾਟਕ ਅਧਿਆ 6)**

ਕੀ ਐਸਾ ਹੋ ਸਕਦਾ ਹੈ ਕਿ ਗੁਰੂ ਸਾਹਿਬ ਆਪਣੀ ਪ੍ਰਤੱਗਿਆ ਦੇ ਵਿਰੁੱਧ ਦੇਵੀ ਪੂਜਨ ਕਰਨ?

(ੲ) ਗ੍ਰੰਥ ਕਰਤਾ ਜਿਸ ਦੇਵਤਾ ਨੂੰ ਪੂਜਦਾ ਹੈ, ਆਪਣੀ ਰਚਨਾ ਦੇ ਆਦ ਵਿਚ ਆਪਣੇ ਪੂਜ ਦੇਵਤਾ ਦਾ ਨਾਉਂ ਲੈ ਕੇ ਮੰਗਲ ਕਰਦਾ ਹੈ, ਬਲਕਿ ਵਿਦਵਾਨ ਲੋਕ ਗ੍ਰੰਥ ਦਾ ਮੰਗਲਾਚਰਣ ਦੇਖ ਕੇ ਹੀ ਇਸ਼ਟ ਸਮਝ ਲੈਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ:
**ੴ ਸਤਿਗੁਰ ਪ੍ਰਸਾਦਿ॥ ੴ ਵਾਹਿਗੁਰੂ ਜੀ ਕਿ ਫਤਹ॥**
ਏਹੀ ਮੰਗਲਾਚਰਣ ਸ੍ਰੀ ਮੁਖਵਾਕ ਬਾਣੀ ਦੇ ਆਦਿ ਰੱਖਿਆ ਹੈ, ਫੇਰ ਕਿਸ ਤਰਾਂ ਖਿਆਲ ਕੀਤਾ ਜਾ ਸਕਦਾ ਹੈ, ਕਿ ਦਸਮ ਗੁਰੂ ਜੀ ਦੇਵੀ ਭਗਤ ਸਨ?

(ਸ) ਸਿੱਖਾਂ ਵਿਚ ਦਸ ਸਤਿਗੁਰੂ ਇਕ ਰੂਪ ਮੰਨੇ ਗਏ ਹਨ, ਜੋ ਆਸ਼ਾ ਗੁਰੂ ਨਾਨਕ ਦੇਵ ਦਾ ਹੈ, ਉਹੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਬਚਨ ਹਨ.

**ਭਰਮੇ ਸੁਰ ਨਰ ਦੇਵੀ ਦੇਵਾ ॥ (ਗਉੜੀ ਬਾਵਨ ਅਖਰੀ ਮ.5, ਪੰਨਾ 258)**

**ਦੇਵੀਆ ਨਹੀ ਜਾਨੈ ਮਰਮ ॥ (ਰਾਮਕਲੀ ਮ.5, ਪੰਨਾ 894)**

**ਮਹਾ ਮਾਈ ਕੀ ਪੂਜਾ ਕਰੈ ॥
ਨਰ ਸੇ ਨਾਰੀ ਹੋਇ ਅਉਤਰੈ ॥3॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥ (ਗੋਂਡ ਨਾਮਦੇਵ, ਪੰਨਾ 874)**

ਔਰ ਫਿਰ ਆਪ ਕਲਗੀਧਰ **ਅਕਾਲ ਉਸਤਤ** ਵਿਚ ਲਿਖਦੇ ਹਨ.

**ਚਰਨ ਸਰਨ ਜਿਹ ਬਸਤ ਭਵਾਨੀ॥....॥5॥**

ਅਰਥਾਤ ਦੇਵੀ ਅਕਾਲ ਦੇ ਚਰਨਾ ਦੀ ਦਾਸੀ ਹੈ, ਔਰ ਇਸ ਪਰ ਸਤਿਗੁਰਾਂ ਦਾ ਬਚਨ ਹੈ ਕਿ.
**ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥ (ਭੈਰਉ ਮ.5, ਪੰਨਾ 1138)**
ਔਰ ਜਿਸ ਦੇਵੀ ਨੂੰ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੀ ਝਾੜੂ ਬਰਦਾਰ ਮੰਨਿਆ, ਤਦ ਕਿਸ ਤਰਾਂ ਹੋ ਸਕਦਾ ਹੈ ਕਿ ਉਸੀ ਗੁਰਗਦੀ ਦੇ ਮਾਲਕ ਆਪਣੇ ਬਜ਼ੁਰਗਾਂ ਦੇ ਆਸ਼ੇ ਤੋਂ ਵਿਰੁੱਧ ਔਰ ਆਪਣੇ ਲੇਖ ਦੇ ਵਿਰੁੱਧ ਦੇਵੀ ਦੀ ਉਪਾਸ਼ਨਾ ਕਰਦੇ?

(ਹ) ਭਾਈ ਮਨੀ ਸਿੰਘ ਜੀ ਨੇ ਦਸਵੇਂ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਔਰ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਪੜ੍ਹੇ, ਉਹ ਭਾਈ ਸਾਹਿਬ 'ਗਿਆਨ ਰਤਨਾਵਲੀ' ਦੇ ਆਦਿ ਵਿਚ ਇਹ ਮੰਗਲਾਚਰਨ ਕਰਦੇ ਹਨ.
**"ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਂਵਦਾ ਹੈ, ਕੋਈ ਸ਼ਿਵਾ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕਾ ਸਿੱਖ ਸਤਿਨਾਮ ਨੂੰ ਅਰਾਧਦੇ ਹੈਨ, ਜਿਸ ਕਰਕੇ ਸਭ ਵਿਘਨ ਨਾਸ ਹੁੰਦੇ ਹਨ, ਤਾਂ ਤੇ ਸਤਿਨਾਮ ਦਾ ਮੰਗਲਾਚਾਰ ਆਦਿ ਰਖਿਆ ਹੈ।"**

ਜੇ ਦਸਵੇਂ ਸਤਿਗੁਰੂ ਦਾ ਇਸ਼ਟ ਦੇਵੀ ਹੁੰਦੀ, ਤਾਂ ਕੀ ਭਾਈ ਮਨੀ ਸਿੰਘ ਜੀ ਆਪਣੇ ਗੁਰੂ ਦੀ ਪੂਜਯ ਦੇਵੀ ਬਾਬਤ ਐਸਾ ਲਿਖ ਸਕਦੇ ਸਨ? ਔਰ ਪਿਆਰੇ ਹਿੰਦੂ ਜੀ! ਆਪ ਨੇ ਜੋ ਦੇਵੀ ਦੇ ਮਹਾਤਮ ਬਾਬਤ ਆਖਿਆ ਹੈ ਸੋ ਉਹ ਦਸਵੇਂ ਸਤਿਗੁਰ ਦਾ ਉਪਦੇਸ਼ ਨਹੀਂ, ਉਹ ਮਾਰਕੰਡੇ ਪੁਰਾਣ ਵਿਚੋਂ 'ਦੁਰਗਾ ਸਪਤਸ਼ਤੀ' ਦਾ ਤਰਜਮਾ ਹੈ, ਜੇਹਾ ਕਿ **ਚੰਡੀ ਚਿਰਤ੍ਰ** ਵਿਚੋਂ ਹੀ ਸਿੱਧ ਹੁੰਦਾ ਹੈ.
**ਸਤ ਸੈ ਕੀ ਕਥਾ ਯਹਿ ਪੂਰੀ ਭਈ ਹੈ॥...॥232॥**
ਬਲਕਿ ਅਸਲੀ ਸੰਸਕ੍ਰਿਤ ਪੁਸਤਕ ਵਿਚ ਬਹੁਤ ਵਿਸਥਾਰ ਨਾਲ ਮਹਾਤਮ ਲਿਖਿਆ ਹੈ, ਜਿਸ ਦਾ ਸੰਖੇਪ ਇਹ ਹੈ:

*"ਦੇਵੀ ਕਹਿੰਦੀ ਹੈ ਜੋ ਮੇਰੀ ਇਸ ਪੁਸਤਕ ਨੂੰ ਸੁਣਦਾ ਹੈ ਔਰ ਨਿਤ ਪੜ੍ਹਦਾ ਹੈ, ਉਸ ਦੇ ਸਭ ਦੁਖ, ਪਾਪ, ਦਰਿਦ੍ਰ ਆਦਿਕ ਨਾਸ ਹੋ ਜਾਂਦੇ ਹਨ, ਦੁਸ਼ਮਣ ਚੋਰ, ਰਾਜਾ, ਸ਼ਸਤ੍ਰ ਔਰ ਅਗਨੀ, ਇਨ੍ਹਾਂ ਸਭਨਾ ਦਾ ਡਰ ਜਾਂਦਾ ਰਹਿੰਦਾ ਹੈ, ਯੁੱਧ ਵਿਚ ਪੁਰਸ਼ਾਰਥ ਵਧਦਾ ਹੈ, ਵੈਰੀ ਮਰ ਜਾਂਦੇ ਹਨ, ਮੁਕਤੀ ਮਿਲਦੀ ਹੈ, ਕੁਲ ਦਾ ਵਾਧਾ ਹੁੰਦਾ ਹੈ, ਗ੍ਰਹਾਂ ਦੀ ਪੀੜਾ ਸ਼ੇਰ, ਜੰਗਲੀ ਹਾਥੀ ਇਨ੍ਹਾਂ ਤੋਂ ਘਿਰਿਆ ਹੋਇਆ ਛੁਟਕਾਰਾ ਪਾਉਂਦਾ ਹੈ, ਰਾਜੇ ਤੋਂ ਜੇ ਮਾਰਨ ਦਾ ਹੁਕਮ ਹੋ ਜਾਵੇ, ਅਥਵਾ ਕੈਦ ਹੋਵੇ, ਸਮੁੰਦਰ ਵਿਚ ਤੂਫਾਨ ਆ ਜਾਵੇ, ਇਨ੍ਹਾਂ ਸਭ ਦੁੱਖਾਂ ਤੋਂ ਬਚ ਜਾਂਦਾ ਹੈ।" (ਇਤਿਆਦਿਕ) (ਦੁਰਗਾ ਸਪਤਸ਼ਤੀ ਅ. 12 ਸਲੋਕ 1-29)*

ਇਸੇ ਦਾ ਸੰਖੇਪ ਹੈ:

**ਜਾਹਿ ਨਮਿਤ ਪੜ੍ਹੈ ਸੁਨਹੈ ਨਰ....॥4॥ (ਚੰਡੀ ਚਰਿਤ੍ਰ ਉਕਤਿ 232 ਪਾ.10)**

ਔਰ:

**ਫੇਰ ਨ ਜੂਨੀ ਆਇਆ....॥55॥ (ਵਾਰ ਚੰਡੀ ਪਾ.10)**

---

<u>ਮਹਾਕਾਲ</u> - (ਸੰਗਯਾ) (1) ਕਾਲ ਦਾ ਭੀ ਕਾਲ ਕਰਨ ਵਾਲਾ. ਯਮ ਸ਼ਿਵ ਆਦਿ ਜਗਤ ਦਾ ਅੰਤ ਕਰਨ ਵਾਲੇ ਭੀ ਜਿਸ ਵਿੱਚ ਲੈ ਹੋ ਜਾਂਦੇ ਹਨ. ਵਾਹਗੁਰੂ। ਪਾਰਬ੍ਰਹਮ। "ਮਹਾਕਾਲ ਰਖਵਾਰ ਹਮਾਰੋ" (ਕ੍ਰਿਸ਼ਨਾਵਤਾਰ). (2) ਉਹ ਲੰਮਾ ਸਮਾਂ, ਜਿਸ ਦਾ ਅੰਤ ਅਸੀਂ ਨਹੀਂ ਜਾਣ ਸਕਦੇ। (3) ਸਮੇਂ ਨੂੰ ਹੀ ਕਰਤਾ ਹਰਤਾ ਮੰਨਣ ਵਾਲਿਆਂ ਦੇ ਮਤ ਅਨੁਸਾਰ ਅਨੰਤ ਰੂਪ ਕਾਲ।..."ਗਯਾਨ ਹੂੰ ਕੇ ਗਯਾਤਾ ਮਹਾ ਬੁੱਧਿਤਾ ਕੇ ਦਾਤਾ ਦੇਵ, ਕਾਲ ਹੂੰ ਕੇ ਕਾਲ ਮਹਾਕਾਲ ਹੂੰ ਕਾ ਕਾਲ ਹੈਂ" (ਅਕਾਲ ਉਸਤਤ)

('ਮਹਾਨ ਕੋਸ਼' *ਭਾਈ ਕਾਹਨ ਸਿੰਘ ਨਾਭਾ*)

## ਗੁਰੂ ਗੋਬਿੰਦ ਸਿੰਘ ਜੀ ਅਤੇ ਦੇਵੀ ਪੂਜਾ

**- ਪ੍ਰ: ਸਾਹਿਬ ਸਿੰਘ ਜੀ**

ਗੁਰੂ ਸਿੱਖ-ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ-

***ਜੇਤਾ ਸਬਦੁ ਸੁਰਤਿ ਧੁਨਿ ਤੇਤੀ, ਜੇਤਾ ਰੂਪੁ ਕਾਇਆ ਤੇਰੀ॥ ਤੂੰ ਆਪੇ ਰਸਨਾ ਆਪੇ ਬਸਨਾ, ਅਵਰੁ ਨ ਦੂਜਾ ਕਹਉ ਮਾਈ॥ 1 ॥***
***ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥1॥ ਰਹਾਉ॥ ਆਪੇ ਮਾਰੇ ਆਪੇ ਛੋਡੈ, ਆਪੇ ਲੇਵੈ ਦੇਇ॥***
***ਆਪੇ ਵੇਖੈ ਆਪੇ ਵਿਗਸੈ, ਆਪੇ ਨਦਰਿ ਕਰੇਇ॥ 2 ॥ ਜੋ ਕਿਛੁ ਕਰਣਾ ਸੋ ਕਰਿ ਰਹਿਆ, ਅਵਰੁ ਨ ਕਰਣਾ ਜਾਈ॥***
***ਜੈਸਾ ਵਰਤੈ ਤੈਸੋ ਕਹੀਐ, ਸਭ ਤੇਰੀ ਵਡਿਆਈ॥3॥ ਕਲਿ ਕਲਵਾਲੀ ਮਾਇਆ ਮਦੁ ਮੀਠਾ, ਮਨੁ ਮਤਵਾਲਾ ਪੀਵਤੁ ਰਹੈ॥***
***ਆਪੇ ਰੂਪ ਕਰੇ ਬਹੁ ਭਾਂਤੀਂ, ਨਾਨਕੁ ਬਪੁੜਾ ਏਵ ਕਹੈ॥4॥5॥ (ਆਸਾ ਮਹਲਾ 1, ਪੰਨਾ 350)***

'ਆਸਾ ਦੀ ਵਾਰ' ਦੀ ਪਹਿਲੀ ਹੀ ਪਉੜੀ ਵਿੱਚ ਆਪ ਫ਼ੁਰਮਾਂਦੇ ਹਨ-

***ਆਪੀਨੈ ਆਪੁ ਸਾਜਿਓ, ਆਪੀਨ੍ਹੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ॥ ਦਾਤਾ ਕਰਤਾ ਆਪਿ ਤੂੰ, ਤੁਸਿ ਦੇਵਹਿ ਕਰਹਿ ਪਸਾਉ॥ ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦੁ ਕਵਾਉ॥ ਕਰਿ ਆਸਣੁ ਡਿਠੋ ਚਾਉ॥1 ॥ (ਪੰਨਾ 463)***

**ਸਾਰੇ ਗੁਰੂ ਇਕੋ ਜੋਤਿ-**

ਰਾਮਕਲੀ ਰਾਗ ਵਿੱਚ ਲਿਖੀ ਸੱਤੇ ਬਲਵੰਡ ਦੀ ਵਾਰ ਵਿੱਚ ਜ਼ਿਕਰ ਹੈ।

***ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥ (ਪੰਨਾ 966)***

ਹਰੇਕ ਸ਼ਬਦ ਦੇ ਅਖ਼ੀਰ ਵਿੱਚ ਲਫ਼ਜ਼ 'ਨਾਨਕ' ਹੀ ਆਉਂਦਾ ਹੈ।

ਗੁਰੂ ਅਮਰਦਾਸ ਜੀ- ਗੂਜਰੀ ਕੀ ਵਾਰ ਮਹਲਾ 3 ਵਿੱਚ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ-

***ਸਾਹਿਬੁ ਮੇਰਾ ਸਦਾ ਹੈ, ਦਿਸੈ ਸਬਦੁ ਕਮਾਇ॥ ਓਹੁ ਅਉਹਾਣੀ ਕਦੇ ਨਾਹਿ, ਨਾ ਆਵੈ ਨ ਜਾਇ॥***
***ਸਦਾ ਸਦਾ ਸੋ ਸੇਵੀਐ, ਜੋ ਸਭ ਮਹਿ ਰਹੈ ਸਮਾਇ॥ ਅਵਰੁ ਦੂਜਾ ਕਿਉ ਸੇਵੀਐ, ਜੰਮੈ ਤੈ ਮਰਿ ਜਾਇ॥***
***ਨਿਹਫਲੁ ਤਿਨ ਕਾ ਜੀਵਿਆ, ਜਿ ਖਸਮੁ ਨ ਜਾਣਹਿ ਆਪਣਾ, ਅਵਰੀ ਕਉ ਚਿਤੁ ਲਾਇ॥***
***ਨਾਨਕ ਏਵ ਨ ਜਾਪਈ, ਕਰਤਾ ਕੇਤੀ ਦੇਇ ਸਜਾਇ॥1॥2॥ (ਸਲੋਕੁ ਮਹਲਾ 3, ਪੰਨਾ 509)***

**ਗੁਰੂ ਅਰਜਨ ਸਾਹਿਬ-**

ਰਾਗ ਤਿਲੰਗ ਵਿੱਚ ਗੁਰੂ ਅਰਜਨ ਸਾਹਿਬ ਫ਼ੁਰਮਾਂਦੇ ਹਨ-

***ਤੁਧੁ ਬਿਨੁ ਦੂਜਾ ਨਾਹੀ ਕੋਇ॥ ਤੂ ਕਰਤਾਰੁ ਕਰਹਿ ਸੋ ਹੋਇ॥ ਤੇਰਾ ਜੋਰੁ ਤੇਰੀ ਮਨਿ ਟੇਕ॥ ਸਦਾ ਸਦਾ ਜਪਿ ਨਾਨਕ ਏਕ॥1॥***
***ਸਭ ਊਪਰਿ ਪਾਰਬ੍ਰਹਮੁ ਦਾਤਾਰੁ॥ ਤੇਰੀ ਟੇਕ ਤੇਰਾ ਆਧਾਰੁ॥1॥ਰਹਾਉ॥ ਹੈ ਤੂ ਹੈ ਤੂ ਹੋਵਨਹਾਰ॥ ਅਗਮ ਅਗਾਧਿ ਊਚ ਆਪਾਰ॥***
***ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥ ਗੁਰ ਪਰਸਾਦਿ ਨਾਨਕ ਗੁਣ ਗਾਹਿ॥ 2 ॥ ਜੋ ਦੀਸੈ ਸੋ ਤੇਰਾ ਰੂਪੁ॥ ਗੁਣ ਨਿਧਾਨ ਗੋਵਿੰਦ ਅਨੂਪ॥***
***ਸਿਮਰਿ ਸਿਮਰਿ ਸਿਮਰਿ ਜਨ ਸੋਇ॥ ਨਾਨਕ ਕਰਮਿ ਪਰਾਪਤਿ ਹੋਇ॥3॥ ਜਿਨਿ ਜਪਿਆ ਤਿਸ ਕਉ ਬਲਿਹਾਰ॥ ਤਿਸ ਕੈ ਸੰਗਿ ਤਰੈ ਸੰਸਾਰ॥***
***ਕਹੁ ਨਾਨਕ ਪ੍ਰਭ ਲੋਚਾ ਪੂਰਿ॥ ਸੰਤ ਜਨਾ ਕੀ ਬਾਛਉ ਧੂਰਿ॥4॥2॥ (ਤਿਲੰਗ ਮਹਲਾ 5, ਪੰਨਾ 723-24)***

**ਗੁਰੂ ਗੋਬਿੰਦ ਸਿੰਘ ਜੀ-**

ਆਪਣੀ ਬਾਣੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੀ ਇਹੀ ਫ਼ੁਰਮਾਂਦੇ ਹਨ ਕਿ ਸਿਰਫ਼ ਅਕਾਲ ਪੁਰਖ ਦੀ ਬੰਦਗੀ ਕਰੋ।

ਵੇਖੋ ਰਾਗੁ ਕਲਿਆਣ ਪਾ. 10

***ਬਿਨੁ ਕਰਤਾਰ, ਨ ਕਿਰਤਮੁ ਮਾਨਹੁ ॥ ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸੁਰ ਜਾਨਹੁ॥1॥ਰਹਾਉ॥***
***ਕਹਾ ਭਯੋ ਜਉ ਆਨਿ ਜਗਤ ਮੈ, ਦਸਕ ਅਸੁਰ ਹਰਿ ਘਾਏ॥ ਅਧਿਕ ਪ੍ਰਪੰਚੁ ਦਿਖਾਇ ਸਭਨ ਕਹ, ਆਪਹਿ ਬ੍ਰਹਮੁ ਕਹਾਏ॥2॥***
***ਭੰਜਨ ਗੜ੍ਹਨ ਸਮਰਥੁ ਸਦਾ ਪ੍ਰਭੁ, ਸੋ ਕਿਮ ਜਾਤਿ ਗਿਨਾਯੋ॥ ਤਾਂ ਤੇ ਸਰਬ-ਕਾਲ ਕੇ ਅਸਿ ਕੋ, ਘਾਇ ਬਚਾਇ ਨ ਆਯੋ॥***
***ਕੈਸੇ ਤੁਹਿ ਤਾਰਿ ਹੈ? ਸੁਨਿ ਜੜ੍ਹ! ਆਪਿ ਡੁਬਿਯੋ ਭਵ ਸਾਗਰਿ॥ ਛੁਟਿਹੋ ਕਾਲ ਫਾਸ ਤੇ ਤਬ ਹੀ, ਗਹਹੁ ਸਰਨਿ ਜਗਤਾਗਰ॥3॥5॥***

**ਸਤਿਗੁਰੂ ਜੀ ਦੇ ਜੀਵਨ-ਲਿਖਾਰੀ-**

ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ ਸਨ 7 ਅਕਤੂਬਰ, ਸੰਨ 1708 ਨੂੰ। ਦੇਸੀ ਮਹੀਨਿਆਂ ਦੇ ਹਿਸਾਬ ਕੱਤਕ ਸੁਦੀ 5, ਸੰਮਤ1765 (ਕੱਤਕ ਦੀ ਛੇ ਤਰੀਕ) ਸੀ।

ਸਤਿਗੁਰੂ ਜੀ ਦੇ ਜੀਵਨ-ਲਿਖਾਰੀ ਉਹਨਾਂ ਦੇ ਜੋਤੀ ਜੋਤਿ ਸਮਾਣ ਤੋਂ 100 ਸਾਲ ਪਿਛੋਂ ਹੋਏ ਹਨ। ਉਹਨਾਂ ਦੇ ਨਾਮ ਇਉਂ ਹਨ-

(ੳ) ਭਾਈ ਸੁਖਾ ਸਿੰਘ-'ਗੁਰ ਬਿਲਾਸ'।
(ਅ) ਭਾਈ ਸੰਤੋਖ ਸਿੰਘ-'ਗੁਰ-ਪ੍ਰਤਾਪ ਸੂਰਜ ਪ੍ਰਕਾਸ਼'।
(ੲ) ਬਾਵਾ ਸੁਮੇਰ ਸਿੰਘ-'ਗੁਰ-ਬਿਲਾਸ'।
(ਸ) ਗਿਆਨੀ ਗਿਆਨ ਸਿੰਘ-'ਪੰਥ ਪ੍ਰਕਾਸ਼'।

ਇਹਨਾਂ ਲਿਖਾਰੀਆਂ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ ਪੰਥ' ਸਾਜਣ ਵੇਲੇ ਪਹਿਲਾਂ ਦੇਵੀ ਪ੍ਰਗਟ ਕੀਤੀ ਸੀ।ਪਰ, ਸਤਿਗੁਰੂ ਜੀ ਦੇ ਸਮਕਾਲੀ ਲਿਖਾਰੀ ਕਵੀ ਸੈਨਾਪਤਿ ਨੇ ਆਪਣੀ ਰਚਨਾ ਵਿੱਚ ਕੋਈ ਐਸਾ ਜ਼ਿਕਰ ਨਹੀਂ ਕੀਤਾ।

(3) ਦੇਵੀ ਪ੍ਰਗਟ ਕਰਨ ਦੀ ਕਹਾਣੀ ਕਿਵੇਂ ਚੱਲ ਪਈ?
ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਸ਼ਬਦ ਗ਼ਲਤ ਸਮਝ ਕੇ ਕਈਵਿਦਵਾਨ ਲਿਖਾਰੀਆਂ ਨੇ ਉਹਨਾਂ ਬਾਰੇ ਅਜੀਬ ਅਜੀਬ ਕਹਾਣੀਆਂ ਲਿਖ ਦਿੱਤੀਆਂ, ਜੋ ਸਿਖ ਸੰਗਤਾਂ ਵਿੱਚ ਪ੍ਰਚਲਤ ਹੋ ਚੁੱਕੀਆਂ ਹਨ, ਜਿਵੇਂ ਕਿ-

(ੳ) ਇਕ ਕੋਹੜੀ ਨੂੰ ਕਬੀਰ ਜੀ ਦੀ ਵਹੁਟੀ ਨੇ ਆਖਿਆ ਕਿਆਪਣਾ ਰੋਗ ਦੂਰ ਕਰਨ ਲਈ ਤੂੰ ਤਿੰਨ ਵਾਰੀ 'ਰਾਮ' ਆਖ। ਜਦੋਂ ਕਬੀਰ ਜੀ ਨੂੰ ਪਤਾ ਲੱਗਾ ਤਾਂ ਉਹ ਆਪਣੀ ਵਹੁਟੀ 'ਤੇ ਗੁੱਸੇ ਹੋ ਗਏ।ਜਿਸ ਸ਼ਬਦ ਬਾਰੇ ਇਹ ਕਹਾਣੀ ਹੈ ਉਹ ਰਾਗ ਆਸਾ ਵਿੱਚ ਹੈ-

***ਕਰਵਤੁ ਭਲਾ, ਨ ਕਰਵਟ ਤੇਰੀ॥***

(ਅ) ਸ਼ੇਖ਼ ਫ਼ਰੀਦ ਜੀ ਬਾਰੇ ਸਿੱਖਾਂ ਵਿੱਚ ਇਹ ਖਿਆਲ ਆਮ ਪ੍ਰਚੱਲਤ ਹੈ ਕਿ ਉਹ ਆਪਣੇ ਪੱਲੇ ਕਾਠ ਦੀ ਰੋਟੀ ਬੰਨ੍ਹੀ ਫਿਰਦੇ ਸਨਅਤੇ ਫ਼ਰੀਦ ਜੀ ਪੁੱਠੇ ਲਟਕ ਕੇ ਤਪ ਕਰਿਆ ਕਰਦੇ ਸਨ।

ਉਹ ਸਲੋਕ ਜਿਨ੍ਹਾਂ ਦੇ ਅਧਾਰ 'ਤੇ ਇਹ ਕਹਾਣੀਆਂ ਪ੍ਰਚਲਤਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ, ਅਤੇ ਇਉਂ ਹਨ-

***(1) ਫਰੀਦਾ ਰੋਟੀ ਮੇਰੀ ਕਾਠ ਕੀ.....***
***(2) ਫਰੀਦਾ ਤਨੁ ਸੁਕਾ ਪਿੰਜਰੁ ਥਿਆ ਤਲੀਆ ਖੂੰਡਹਿ ਕਾਗ ॥***
ਇਹਨਾਂ ਸਲੋਕਾਂ ਨੂੰ ਤੇ ਸ਼ਬਦ ਨੂੰ ਗਲਤ ਸਮਝ ਕੇ ਇਹ ਗਲਤਕਹਾਣੀਆਂ ਚਲਾਈਆਂ ਗਈਆਂ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੇਠ-ਲਿਖੇ ਵਰਤੇ ਲਫ਼ਜ਼ਾਂ ਤੋਂ ਦੇਵੀ ਬਾਰੇ ਕਹਾਣੀ ਚੱਲ ਪਈ-

**(1) ਭਗਉਤੀ-ਪ੍ਰਥਮ ਭਗਉਤੀ ਸਿਮਰਿ ਕੈ-ਅਰਦਾਸ ਵਿੱਚ।**

**(2) ਕਾਲਕਾ-ਤਹ ਹਮ ਅਧਿਕ ਤਪਸਿਆ ਸਾਧੀ॥ ਮਹਾ ਕਾਲ ਕਾਲਕਾ ਅਰਾਧੀ॥ (ਬਚਿਤ੍ਰ ਨਾਟਕ)**

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਇਹ ਲਫ਼ਜ਼ ਪੜ੍ਹ ਕੇ ਦੋ ਭੁਲੇਖੇ ਸਿਖ-ਹਿਰਦਿਆਂ ਵਿੱਚ ਬਣੇ ਆ ਰਹੇ ਹਨ-

(ੳ) ਸਤਿਗੁਰੂ ਜੀ 'ਸ਼ਸਤ੍ਰ-ਪੂਜਾ' ਸਿਖਾ ਗਏ ਹਨ।

(ਅ) ਸਤਿਗੁਰੂ ਜੀ ਨੇ 'ਖ਼ਾਲਸਾ ਪੰਥ' ਸਾਜਣ ਵੇਲੇ ਪਹਿਲਾਂ 'ਦੇਵੀ' ਪ੍ਰਗਟ ਕੀਤੀ ਸੀ।ਇਹ ਭੁਲੇਖੇ ਹੱਲ ਕਰਨ ਵਾਸਤੇ ਤਰੀਕਾ-
ਇਹਨਾਂ ਭੁਲੇਖਿਆਂ ਨੂੰ ਦੂਰ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀਦੀ ਬਾਣੀ ਨੂੰ ਗਹੁ ਨਾਲ ਵਿਚਾਰਨ ਦੀ ਲੋੜ ਹੈ। ਕੁਝ ਖ਼ਾਸ ਗੱਲਾਂ ਦਾ ਚੇਤਾ ਰੱਖਣਾ ਜ਼ਰੂਰੀ ਹੈ-

(1) ਸ੍ਰੀ ਗੁਰੂ ਗ੍ਰੰਥਸਾਹਿਬ ਵਿੱਚ ਵਰਤੇ 'ਛੰਦ' ਆਮ ਤੌਰ 'ਤੇ ਵੈਰਾਗ, 'ਬਿਰਹੋਂ' ਤੇ 'ਪਿਆਰ'ਦੇ ਹੁਲਾਰੇ ਪੈਦਾ ਕਰਦੇ ਹਨ। ਪਰ ਸਾਡਾ ਦੇਸ਼ ਗ਼ੁਲਾਮੀਹੇਠ ਨੱਪਿਆ ਪਿਆ ਸੀ।ਇਸ ਪਰ-ਅਧੀਨਤਾ ਨੂੰ ਦੂਰਕਰਨ ਵਾਸਤੇ ਤਿਆਰੀ ਦੀਬਹੁਤ ਲੋੜ ਸੀ। ਦੇਸਵਾਸੀਆਂ ਵਿੱਚ ਬੀਰ-ਰਸ ਭਰਨਾ ਸੀ। ਫ਼ੌਜੀ ਕਵਾਇਦ ਤੇ ਸ਼ਸਤ੍ਰਾਂ ਦਾ ਅਭਿਆਸ ਸ਼ੁਰੂ ਕਰਾਇਆ। ਸਤਿਗੁਰੂ ਜੀ ਨੇ ਆਪਣੀ ਬਾਣੀਵਿੱਚ 'ਛੰਦ' ਜ਼ੋਸ਼ੀਲਾ ਵਰਤਿਆ। 'ਛੰਦ' ਉਹ ਵਰਤੇ ਜੋ ਉਭਾਰਨਵਾਲੇ ਸਨ, ਜਿਵੇਂ ਫ਼ੌਜੀ ਚੜ੍ਹਤ ਵੇਲੇ ਦੀ 'ਬੈਂਡ' ਦੀ ਸੁਰ। ਮਿਸਾਲ ਦੇ ਤੌਰ 'ਤੇ-

(ੳ) ਹੁਣ ਵੇਖੋ ਇਹ ਛੰਦ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਅਕਾਲ ਉਸਤਤਿ' ਵਿੱਚ-

***ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ ॥ ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ॥***
***ਕਹੂੰ ਦੇਸ ਕੇ ਭੇਸ ਕੋ ਧਰਮ ਧਾਮੇ॥ ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ॥16॥106॥***

(ਅ) 'ਪੰਚ-ਚਮਾਰ' ਛੰਦ

ਇਹੀ ਛੰਦ ਵੇਖੋ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਅਕਾਲ ਉਸਤਤਿ' ਵਿੱਚ-

***ਅਨਾਥ ਨਾਥ ਨਾਥ ਹੈ, ਅਭੰਜ ਭੰਜ ਹੈ ਸਦਾ॥ ਅਗੰਜ ਗੰਜ ਗੰਜ ਹੈ, ਸਦੀਵ ਸਿੱਧਿ ਬ੍ਰਿਧਦਾ॥***
***ਅਨੂਪ ਰੂਪ ਸਰੂਪ ਹੈ, ਅਛਿੱਜ ਤੇਜ ਮਾਨੀਐ॥ ਸਦੀਵ ਸਿਧਿ ਸ਼ੁਧਿ-ਦਾ, ਪ੍ਰਤਾਪ-ਪੱਤ੍ਰ ਜਾਨੀਐ॥2॥162॥***

(2) ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿੱਚ ਲਫ਼ਜ਼ ਵੀਉਹ ਵਰਤੇ ਹਨ ਜੋ ਉਭਾਰਨ ਵਾਲੇ ਹਨ ਤੇ ਮੌਤ ਤੋਂ ਨਿਡਰ ਬਣਨਵਿੱਚ ਬਹੁਤ ਸਹਾਇਤਾ ਕਰਦੇ ਹਨ-
(ੳ) ਅਕਾਲ ਪੁਰਖ ਨੂੰ 'ਸ੍ਰੀ ਕਾਲ' (-ਮੌਤ) ਆਖਿਆ ਹੈ।(ਵੇਖੋ ਬਚਿਤ੍ਰ ਨਾਟਕ ਵਿੱਚ ਬਾਣੀ ਸ੍ਰੀ ਕਾਲ ਜੀ ਕੀ ਉਸਤਤਿ )

*ਕਾਲ ਹੀ ਪਾਇ ਭਯੋ ਭਗਵਾਨ, ਸੁ ਜਾਗਤ ਯਾ ਜਗੁ ਜਾ ਕੀ ਕਲਾ ਹੈ॥ ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ, ਕਾਲ ਹੀ ਪਾਇ ਭਯੋ ਜੁਗੀਆ ਹੈ॥*
*ਕਾਲ ਹੀ ਪਾਇ ਸੁਰਾਸੁਰ ਗੰਧ੍ਰਬ, ਜੱਛ ਭੁਜੰਗ ਦਿਸ਼ਾ ਬਿਦਿਸ਼ਾ ਹੈ॥ ਔਰ ਸਕਾਲ, ਸਭੈ ਬਸਿ ਕਾਲ ਕੈ, ਏਕ ਹੀ 'ਕਾਲ' ਅਕਾਲ ਸਦਾ ਹੈ॥*

(ਅ) 'ਸ੍ਰੀ ਕਾਲ' ਜੀ ਦਾ ਸੁੰਦਰ ਰੂਪ (ਜਮਾਲ) ਤੇ ਭਿਆਨਕ ਰੂਪ (ਜਲਾਲ) ਦੋਵੇਂ ਬਿਆਨ ਕੀਤੇ ਹਨ-
ਜਮਾਲ-

***ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ॥ ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ ਭੂਲੇ॥***
***ਕਹੂੰ ਪਵਨ ਹ੍ਵੈ ਕੈ ਬਹੇ ਬੇਗਿ ਐਸੇ। ਕਹੈ ਮੋ ਨ ਆਵੈ, ਕਥੌ ਤਾਂਹਿ ਕੈਸੇ॥12॥***

ਜਲਾਲ -
***ਡਮਾ ਡਮ ਡਉਰੂ ਸਿਤਾ ਸੇਤ ਛੱਤ੍ਰੰ॥ ਹਾਹਾ ਹੂਹੂ ਹਾਸੰ ਝਮਾ ਝੰਮ ਅੱਤ੍ਰੰ॥***
***ਮਹਾ ਘੋਰ ਸਬਦੰ, ਬਜੇ ਸੰਖ ਐਸੰ॥ ਪ੍ਰਲੈਕਾਲ ਕੇ ਕਾਲ ਕੀ ਜ੍ਵਾਲ ਜੈਸੰ॥19॥***

(ੲ) 'ਸ੍ਰੀ ਕਾਲ' ਜੀ ਸ਼ਸਤ੍ਰ-ਧਾਰੀ ਲਿਖਿਆ ਹੈ-

***ਕਰੰ ਬਾਮ ਚਾਪਯੰ, ਕ੍ਰਿਪਾਣੰ ਕਰਾ॥ ਮਹਾ ਤੇਗ ਤੇਜੰ ਬਿਰਾਜੈ ਬਿਸਾ॥ ਮਹਾ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ॥ ਜਿਨੈ ਚਰਬੀਅੰ ਜੀਵ ਜਗਯੰ ਹਜਾਰੰ॥***

(ਸ) ਸ਼ਸਤ੍ਰ 'ਮੌਤ ਰੂਪ' ਹਨ। ਇਸ ਵਾਸਤੇ ਸ਼ਸਤ੍ਰਾਂ ਨੂੰ ਵੀ 'ਸ੍ਰੀ ਕਾਲ'ਜੀ ਦਾ ਨਾਮ ਦਿੱਤਾ ਹੈ-

(1) ***ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਭੰਡੰ॥ ਭੁਜਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ॥***
***ਸੁਖ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸਿ ਸਰਣੰ॥ ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ॥2॥***

ਨੋਟ-ਪ੍ਰਮਾਤਮਾ ਦੀ ਉਸਤਤਿ ਕਰਦਿਆਂ ਉਸ ਨੂੰ 'ਅਸਿ' ਤੇ 'ਤੇਗ'ਵੀ ਆਖਿਆ ਹੈ। ਇਹਨਾਂ ਦਾ ਅਰਥ ਹੈ 'ਤਲਵਾਰ'।

(2) ***ਕਾਗਦ ਦੀਪ ਸਭੈ ਕਰਿ ਕੈ, ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈ ਹਉ॥ ਕਾਟਿ ਬਨਾਸਪਤੀ ਸਗਰੀ, ਲਿਖਬੇ ਹੂੰ ਕੇ ਲੇਖਨਿ ਕਾਜ ਬਨੈ ਹਉ॥***
***ਸਾਰਸੁਤੀ ਬਕਤਾ ਕਰਿ ਕੈ, ਜੁਗ ਕੋਟਿ ਗਣੇਸ਼ ਕੈ ਹਾਥਿ ਲਿਖੈ ਹਉ॥ 'ਕਾਲ'! 'ਕ੍ਰਿਪਾਨ' ਬਿਨਾ ਬਿਨਤੀ, ਨ ਤਊ ਤੁਮ ਕੋ, 'ਪ੍ਰਭ' ਨੈਕ ਰਿਝੈ ਹੌ॥***

ਨੋਟ-ਏਥੇ ਪ੍ਰਭੂ ਨੂੰ 'ਕਾਲ' ਅਤੇ 'ਕ੍ਰਿਪਾਣ' ਵੀ ਆਖਿਆ ਹੈ-

(3) ***ਨਮੋ ਚੱਕ੍ਰ-ਪਾਣੰ॥ ਅਭੂਤੰ ਭਯਾਣੰ॥ ਨਮੋ ਉਗ੍ਰ-ਦਾੜ੍ਹੰ॥ ਮਹਾ ਗ੍ਰਿਸ਼ਟ ਗਾੜ੍ਹੰ॥89॥ ਨਮੋ ਤੀਰ ਤੋਪੰ॥ ਜਿਨੈ ਸੱਤ੍ਰ ਘੋਪੰ॥***
***ਨਮੋ ਧੋਪ ਪੱਟੰ॥ ਜਿਨੈ ਦੁਸ਼ਟ ਦੱਟੰ॥90॥ ਜਿਤੇ ਸ਼ਸਤ ਨਾਮੰ॥ ਨਮਸਕਾਰ ਤਾਮੰ॥ ਜਿਤੇ ਅਸਤ੍ਰ ਭੇਯੰ॥ ਨਮਸਕਾਰ ਤੇਯੰ॥91॥***

ਨੋਟ-ਜਿਸ ਨੂੰ ਸ਼ਸਤਰਾਂ ਦੇ ਨਾਮ ਦੇ ਰਹੇ ਹਨ, ਉਸ ਦਾ ਸਰੂਪ ਇਉਂ ਬਿਆਨ ਕਰਦੇ ਹਨ-

*ਨਮੋ ਖੱਗ ਖੰਡੰ ਕ੍ਰਿਪਾਣੰ ਕਟਾਰੰ॥ ਸਦਾ ਏਕ-ਰੂਪੰ ਸਦਾ ਨਿਰ-ਬਿਕਾਰੰ॥*
*ਨਮੋ ਬਾਣ-ਪਾਣੰ ਨਮੋ ਦੰਡ-ਧਾਰਯੰ॥ ਜਿਨੈ ਚੌਦਹੂੰ ਲੋਕ ਜੋਤੰ ਬਿਥਾਰਯੰ॥*

ਨੋਟ-ਇਹ ਸਾਰੇ ਛੰਦ 'ਸ੍ਰੀ ਕਾਲ ਜੀ ਦੀ ਉਸਤਤਿ' ਵਾਲੇ ਪਹਿਲੇ ਅਧਿਆਇ ਵਿੱਚ ਹਨ।

ਹੁਣ ਲਵੋ ਲਫ਼ਜ਼ 'ਭਗਉਤੀ' ਇਹ ਲਫ਼ਜ਼ ਆਇਆ ਹੈ 'ਵਾਰ ਸ੍ਰੀ ਭਗੌਤੀ ਜੀ ਕੀ' ਵਿੱਚ। ਲਫ਼ਜ਼ 'ਭਗੌਤੀ' ਦਾ ਅਰਥ 'ਤਲਵਾਰ' ਵੀ ਹੈ। ਆਪ ਲਿਖਦੇ ਹਨ-

*ਦੁਹਾਂ ਕੰਧਾਰਾਂ ਮੁਹ ਜੁੜੇ ਨਾਲ ਧਉਂਸਾ ਭਾਰੀ॥ ਲਈ ਭਗੌਤੀ ਦੁਰਗਸ਼ਾਹ ਵਰਜਾਗਨ ਭਾਰੀ॥*

***ਲਾਈ ਰਾਜੇ ਸੁੰਭ ਨੋ ਰਤ ਪੀਏ ਪਿਆਰੀ ॥ ਸੁੰਭ ਪਲਾਣੋਂ ਡਿਗਿਆ, ਉਪਮਾ ਬੀਚਾਰੀ॥....***
***ਜਾਣੁ ਰਜ਼ਾਦੀ ਉਤਰੀ ਪਹਨਿ ਸੂਹੀ ਸਾਰੀ॥ (ਸਾੜ੍ਹੀ) ॥53॥***

ਪਰ ਤੁਕ 'ਪ੍ਰਥਮ ਭਗੌਤੀ ਸਿਮਰਿ ਕੈ' ਵਿੱਚ ਲਫ਼ਜ਼ 'ਭਗੌਤੀ' ਦਾ ਅਰਥ'ਤਲਵਾਰ' ਨਹੀਂ ਹੈ। ਇਥੇ ਸ਼ਸਤ੍ਰ-ਪੂਜਾ ਨਹੀਂ ਹੈ। ਜਿਸ ਨੂੰ 'ਭਗੌਤੀ'ਆਖਿਆ ਹੈ ਉਸ ਨੂੰ ਦੂਜੀ ਪਉੜੀ ਵਿੱਚ ਇਉਂ ਆਖਦੇ ਹਨ-

***ਖੰਡਾ ਪ੍ਰਥਮੈ ਸਾਜਿ ਕੈ, ਜਿਨਿ ਸਭੁ ਸੈਸਾਰੁ ਉਪਾਇਆ॥ ਬ੍ਰਹਮਾ ਬਿਸਨ ਮਹੇਸ ਸਾਜਿ, ਕੁਦਰਤੀ ਦਾ ਖੇਲੁ ਰਚਾਇ ਬਣਾਇਆ॥***
***ਸਿੰਧ ਪਰਬਤ ਮੇਦਨੀ, ਬਿਨੁ ਥੰਮ੍ਹਾ ਗਗਨੁ ਰਹਾਇਆ॥ ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦੁ ਰਚਾਇਆ॥***
***ਤੈ ਹੀ ਦੁਰਗਾ ਸਾਜਿ ਕੈ, ਦੈਤਾ ਦਾ ਨਾਸੁ ਕਰਾਇਆ॥ ਤੈਥੋਂ ਹੀ ਬਲੁ ਰਾਮ ਲੈ, ਨਾਲਿ ਬਾਣਾ ਦਹਸਿਰੁ ਘਾਇਆ॥***
***ਤੈਥੋਂ ਹੀ ਬਲੁ ਕ੍ਰਿਸ਼ਨ ਲੈ, ਕੰਸੁ ਕੇਸੀ ਪਕੜਿ ਗਿਰਾਇਆ॥ ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ॥***
***ਕਿਨੀ ਤੇਰਾ ਅੰਤੁ ਨ ਪਾਇਆ॥2॥***

**ਲਫ਼ਜ਼ 'ਕਾਲਕਾ'**

ਵੇਖੋ 'ਬਚਿਤ੍ਰ ਨਾਟਕ' , ਛੇਵਾਂ ਅਧਿਆਇ -

***ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਨ ਜਿਹ ਬਿਧਿ ਮੁਹਿ ਆਨੋ॥ ਹੇਮਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਤ ਹੈ ਤਹਾਂ॥1॥***
***ਸਪਤ ਸ੍ਰਿੰਗ ਤਿਹ ਨਾਮ ਕਹਾਵਾ॥ ਪੰਡ ਰਾਜ ਜਿਹ ਜੋਗ ਕਮਾਵਾ॥ ਤਹ ਹਮ ਅਧਿਕ ਤਪੱਸਿਆ ਸਾਧੀ॥ ਮਹਾ ਕਾਲ 'ਕਾਲਕਾ' ਅਰਾਧੀ॥2॥***
***ਇਹ ਬਿਧਿ ਕਰਤ ਤਪੱਸਿਆ ਭਯੋ॥ 'ਦ੍ਵੈ' ਤੇ ਏਕ ਰੂਪ ਹ੍ਵੈ ਗਯੋ॥ ਤਾਤ ਮਾਤ ਮੁਰ 'ਅਲੱਖ' ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥3॥***

*ਤਿਨ ਜੋ ਕਰੀ 'ਅਲੱਖ' ਕੀ ਸੇਵਾ॥ ਤਾਂ ਤੇ ਭਏ ਪ੍ਰਸੰਨ ਗੁਰਦੇਵਾ॥ ਤਿਨਿ 'ਪ੍ਰਭਿ' ਜਬ ਆਇਸ ਮੋਹਿ ਦੀਆ॥ ਤਬ ਹਮ ਜਨਕ ਕਲੂ ਮਹਿ ਲੀਆ॥*

ਇਥੇ ਹੀ 'ਕਾਲਕਾ' ਦੇ ਸਬੰਧ ਵਿੱਚ ਲਫ਼ਜ਼ 'ਦ੍ਵੈ', 'ਅਲੱਖ' ਅਤੇ 'ਪ੍ਰਭਿ' ਸਾਫ਼ ਦੱਸਦੇ ਹਨ ਕਿ ਲਫ਼ਜ਼ 'ਕਾਲਕਾ', 'ਮਹਾਕਾਲ' ਵਾਸਤੇ ਹੈ, 'ਅਕਾਲ ਪੁਰਖ' ਵਾਸਤੇ ਹੈ।

(ਅ) ਭਾਈ ਗੁਰਦਾਸ ਜੀ 'ਦੂਜੇ' ਲਿਖਦੇ ਹਨ-

*ਗੁਰਿ ਸਿਮਰਿ ਮਨਾਈ 'ਕਾਲਕਾ' ਖੰਡੇ ਕੀ ਵੇਲਾ॥*

ਇਥੇ 'ਕਾਲਕਾ' ਉਹ ਸ਼ਸਤ੍ਰ ਹੈ ਜਿਸ ਦੀ ਧਾਰ (-ਵੇਲਾ) ਖੰਡੇ ਦੀਹੈ। ਜਿਵੇਂ 'ਭਗੌਤੀ', 'ਤਲਵਾਰ' ਦਾ ਨਾਮ ਹੋ ਕੇ 'ਸ੍ਰੀ ਕਾਲ' ਜੀ ਦਾਨਾਮ ਹੈ, ਤਿਵੇਂ ਇਹ ਲਫ਼ਜ਼ 'ਕਾਲਕਾ'।

(ੲ) 'ਭਗੌਤੀ ਸਤੋਤ੍ਰ' ਵਿੱਚ 'ਭਗੌਤੀ' ਨੂੰ 'ਲਹੋ-ਪੁਤ੍ਰੀ' ਆਖ ਕੇ ਇਸ ਨੂੰ 'ਮਹਾਕਾਲ' ਕੀ 'ਕਾਲਕਾ' ਹੀ ਆਖਦੇ ਹਨ-

***ਨਮੋ ਸ੍ਰੀ ਭਗੌਤੀ ਬਦੈਲੀ ਸਰੋਹੀ॥ ਕਰੇ ਏਕ ਤੇ ਦ੍ਵੈ ਸੁਭਟ ਹਾਥ ਸੋਹੀ॥ ਨਮੋ ਲਹੋ-ਪੁਤ੍ਰੀ ਅਛੋਹੰ ਰਹੰਤੀ॥ ਨਮੋ ਜੀਭ ਜੁਆਲਾ ਮੁਖੀ ਜੋਜੰ ਬ੍ਯੰਤੀ॥ ਨਮੋ ਤੇਜ ਮੰਡਾ ਦੁਖੰਡਾ ਦੁਧਾਰੀ॥ ਮਹਾ ਸਤ੍ਰ-ਬਨ ਕੋ ਮਹਾ ਭੀਮ ਆਰੀ॥ 'ਮਹਾਕਾਲ' ਕੀ 'ਕਾਲਕਾ' ਕਾਲ-ਕ੍ਰੁਧੰ॥ ਮਹਾ ਵਿਸਹੀ ਬ੍ਰਿੱਧਿਦਾ ਅਰਧ ਉਰਧੰ॥***

(ਸ) 'ਭਗੌਤੀ ਚਰਿਤ੍ਰ' ਵਿੱਚ 'ਭਗੌਤੀ' ਨੂੰ ਅਕਾਲ ਪੁਰਖ ਦੇ ਗੁਣ ਦੇ ਕੇ 'ਕਾਲਕਾ' ਨਾਮ ਦੇਂਦੇ ਹਨ-

***ਤੁਹੀ ਖੜਕ-ਧਾਰਾ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ॥ ਹਲੱਬੀ ਜੁਨੱਬੀ ਮਗ਼ਰਬੀ ਤੁਹੀ ਹੈਂ॥ ਨਿਹਾਰੋਂ ਜਹਾਂ ਆਪ ਠਾਢੀ ਵਹੀਂ ਹੈਂ॥ ਤੁਹੀ ਰਾਮ ਹ੍ਵੈ ਕੈ ਹਠੀ ਦੈਤ ਘਾਯੋ॥ ਤੁਹੀ ਕ੍ਰਿਸਨ ਹ੍ਵੈ ਕੰਸ ਕੇਸੀ ਖਪਾਯੋ॥ ਤੁਹੀ ਜਾਲਪਾ 'ਕਾਲਕਾ' ਕੈ ਬਖਾਨੀ॥ ਤੁਹੀ ਚੌਦਹੂ ਲੋਕ ਕੀ ਰਾਜਧਾਨੀ॥***

ਪ੍ਰਸ਼ਨ -
ਭਗੌਤੀ ਨੂੰ ਇਸਤ੍ਰੀ-ਰੂਪ ਵਿੱਚ ਸੰਬੋਧਨ ਕੀਤਾ ਹੈ, ਤੇ 'ਕਾਲਕਾ' ਵੀ ਆਖਿਆ ਹੈ। ਇਹ ਕੌਣ ਹੈ? ਕੀ ਇਹ ਦੇਵੀ ਨਹੀਂ?

(ਉਤਰ) 'ਭਗੌਤੀ ਚਰਿਤ੍ਰ' ਵਿੱਚ ਹੇਠ-ਲਿਖਿਆ ਸਵੱਈਆ ਮਿਲਦਾਹੈ-

***ਮੇਰੁ ਕਰਹੁ ਤ੍ਰਿਣ ਤੇ ਮੁਹਿ ਜਾਹਿ, ਗਰੀਬ ਨਿਵਾਜ ਨ ਦੂਸਰੁ ਤੋ ਸੌਂ॥ ਭੂਲ ਛਿਮੋ ਹਮਰੀ, ਪ੍ਰਭ! ਆਪਨ, ਭੂਲਨਹਾਰ ਕਹੂੰ ਕੋਊ ਮੋ ਸੌਂ॥ ਸੇਵ ਕਰੀ ਤੁਮਰੀ, ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੌਂ॥ ਯਾ ਕਲਿ ਮਹਿ ਸਭ, ਕਾਲ ਕ੍ਰਿਪਾਨ ਕੋ, ਭਾਰੀ ਭੁਜਾਨ ਕੋ ਭਾਰੀ ਭਰੋਸੌਂ॥***

ਇਹ ਸਵੱਈਆ ਮਿਲਦਾ ਹੈ 'ਸ੍ਰੀ ਕਾਲ ਜੀ ਕੀ ਉਸਤਤਿ' ਬਚਿਤ੍ਰਨਾਟਕ ਵਿੱਚ।ਸੋ, ਇਹ 'ਭਗੌਤੀ' ਤੇ 'ਕਾਲਕਾ 'ਸ੍ਰੀ ਕਾਲ ਜੀ' ਹੀ ਹੈ।

ਹੋਰ ਵਿਚਾਰਾਂ-

(1) (ੳ) ਇੰਨੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਦਾ ਜ਼ਿਕਰ ਗੁਰੂ ਗੋਬਿੰਦਸਿੰਘ ਜੀ ਨੇ ਕਿਤੇ ਨਹੀਂ ਕੀਤਾ। 'ਭੰਗਾਣੀ' ਆਦਿਕ ਜੁੱਧਾਂ ਦਾ ਹਾਲਤਾਂ ਲਿਖ ਗਏ ਹਨ, ਜੋ ਸਿਰਫ਼ ਦੋ ਦਿਨ ਹੀ ਹੋਏ।(ਅ) ਜਿਨ੍ਹਾਂ ਬ੍ਰਾਹਮਣਾਂ ਨੇ 'ਦੇਵੀ' ਪ੍ਰਗਟ ਕਰਨ ਵਿੱਚ ਸਹਾਇਤਾਕੀਤੀ ਸੀ, ਉਹਨਾਂ ਦੀ ਸੇਵਾ-ਪੂਜਾ ਕਰਨ ਦਾ ਹੁਕਮ ਖ਼ਾਲਸੇ ਨੂੰ ਦੇ ਜਾਂਦੇ। ਸਗੋਂ, ਜੇ ਕੋਈ ਹਵਨ ਹੋਇਆ ਸੀ ਤਾਂ ਉਸ ਤੋਂ ਅਗਲੇ ਦਿਨ'ਜੱਗ' ਵਿੱਚ ਉਹਨਾਂ ਬ੍ਰਾਹਮਣਾਂ ਦਾ ਚੇਤਾ ਹੀ ਭੁੱਲ ਗਿਆ। ਜੇ 'ਹਵਨ'ਹੋਇਆ ਹੁੰਦਾ, ਤਾਂ ਇਹ ਕਿਵੇਂ ਹੋ ਸਕਦਾ ਸੀ? ਵੇਖੋ, ਫ਼ੁਰਮਾਂਦੇ ਹਨ-

***ਜੋ ਕਿਛੁ ਲੇਖ ਲਿਖਿਓ ਬਿਧਨਾ, ਸੋਈ ਪਾਯਤ, ਮਿਸ੍ਰ ਜੂ! ਸ਼ੋਕ ਨਿਵਾਰੋ॥ ਮੇਰੋ ਕਛੂ ਅਪਰਾਧ ਨਹੀਂ, ਗਯੋ ਯਾਦ ਤੇ ਭੂਲ, ਨ ਕੋਪ ਚਿਤਾਰੋ॥***
***ਬਾਗੋ ਨਿਹਾਲੀ ਪਠੈ ਦੈ ਹਉ ਆਜੁ ਭਲੇ ਤੁਮ ਕੋ ਨਿਸਚੈ ਜੀਅ ਧਾਰੋ॥ ਛਤ੍ਰੀ ਸਭੈ ਕ੍ਰਿਤ ਬਿਪ੍ਰਨ ਕੇ, ਇਨਹੂ ਪਹਿ ਕਟਾਛ ਕ੍ਰਿਪਾ ਕੈ ਨਿਹਾਰੋ॥***

(ੲ) ਮਾਛੂਵਾੜੇ ਦੇ ਤੇ ਮਲੇਰੀਏ ਨੂੰ ਹੁਕਮਨਾਮੇ ਦੇ ਗਏ। ਇਹਨਾਂ ਬ੍ਰਾਹਮਣਾਂ ਨੂੰ ਵੀ ਦੇ ਜਾਂਦੇ।(ਸ) ਦੇਵੀ ਦੇਵ-ਮੰਤ੍ਰਾਂ ਨਾਲ ਹੀ ਪ੍ਰਗਟੀ ਹੋਵੇਗੀ। 'ਵੇਦ' ਪੜ੍ਹਨ ਦਾਹੁਕਮ ਦੇ ਜਾਂਦੇ, ਸਗੋਂ ਰੋਕ ਗਏ।

(2) (ੳ) ਬਾਵਾ ਸੁਮੇਰ ਸਿੰਘ ਜੀ ਲਿਖਦੇ ਹਨ ਕਿ ਹਵਨ ਤੋਂ ਸ਼ੂਦਰਾਂ ਨੂੰ ਪਰੇ ਰੱਖਣ ਲਈ ਰਾਖੇ ਬਿਠਾਏ ਗਏ ਸਨ। ਪਰ ਆਉਂਦਿਆਂ ਹੀ ਪਹਿਲਾਂ 'ਸ਼ੂਦਰਾਂ' ਨੂੰ 'ਅੰਮ੍ਰਿਤ' ਛਕਾ ਦਿੱਤਾ। ਇਹ ਕਿਉਂ ?

(ਅ) 'ਦੇਵੀ' ਨੇ ਤਾਂ ਇਹਨਾਂ ਸਾਖੀਕਾਰਾਂ ਅਨੁਸਾਰ 'ਕਰਦ' ਦਿੱਤੀ ਸੀ।

ਪਰ ਸਤਿਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਕਿਉਂ ਛਕਾਇਆ?

(ੲ) ਸਤਿਗੁਰੂ ਜੀ ਨੇ ਜੰਗਾਂ ਵਿੱਚ ਤੀਰ ਤੋਪ ਆਦਿਕ ਵਰਤੇ ਤਾ ਉਹਨਾਂ ਦਾ ਜ਼ਿਕਰ ਕਰ ਦਿੱਤਾ। ਪਰ ਦੇਵੀ ਦੀ ਦਿੱਤੀ ਹੋਈ ਕਰਦ ਦਾ ਜ਼ਿਕਰ ਕਿਤੇ ਨਹੀਂ ਕੀਤਾ।

(3) (ੳ) ਦੇਵੀ-ਉਪਾਸ਼ਕਾਂ ਦੀ ਭੇਟਾ ਹੈ 'ਕੜਾਹੀ'। ਪਰ ਗੁਰੂ-ਘਰ ਵਿੱਚ 'ਕੜਾਹ ਪ੍ਰਸ਼ਾਦ' ਹੀ ਜਾਰੀ ਤੁਰਿਆ ਆਉਂਦਾ ਹੈ।

(ਅ) ਜੇ ਦੇਵੀ ਪ੍ਰਗਟ ਹੋਣ 'ਤੇ ਖ਼ਾਲਸਾ ਸਾਜਿਆ ਹੁੰਦਾ ਤਾਂ ਕੇਸ ਕ੍ਰਿਪਾਨ ਕੜਾ ਆਦਿਕ ਰੱਖਣ ਦੇ ਥਾਂ ਦੇਵੀ ਦਾ ਅੱਟਾ ਪਹਿਨਣ ਦਾ ਹੁਕਮ ਸਤਿਗੁਰੂ ਜੀ ਨੇ ਦੇਣਾ ਸੀ।

(4) ਸਤਿਗੁਰੂ ਜੀ ਨੇ ਔਰੰਗਜ਼ੇਬ ਨੂੰ ਜਿਹੜਾ 'ਜ਼ਫ਼ਰਨਾਮਾ' ਲਿਖ ਕੇ ਭੇਜਿਆ ਸੀ, ਉਸ ਵਿੱਚ ਲਿਖਦੇ ਹਨ -

***ਮਨਮ ਕੁਸ਼ਤਨਮ ਕਹੀਆਂ ਬੁਤ-ਪ੍ਰਸਤ॥***
***ਕਿ ਊ ਬੁਤ-ਪ੍ਰਸਤੰਦ, ਮਨ ਬੁਤ-ਸ਼ਿਕੱਸਤ॥92॥***

ਭਾਵ, ਮੈਂ ਬੁੱਤ-ਪ੍ਰਸਤ ਪਹਾੜੀ ਰਾਜਿਆਂ ਨੂੰ ਮਾਰਨ ਵਾਲਾ ਹਾਂ,

ਕਿਉਂ ਜੁ ਉਹ ਬੁੱਤਾਂ ਦੇ ਉਪਾਸ਼ਕ ਹਨ ਤੇ ਮੈਂ ਬੁੱਤਾਂ ਨੂੰ ਤੋੜਨ ਵਾਲਾ।ਜੇ ਉਹਨਾਂ 'ਦੇਵੀ' ਪੂਜੀ ਹੁੰਦੀ ਤਾਂ ਇਉਂ ਨਾ ਲਿਖਦੇ।

*('ਬਾਬਾਣੀਆਂ ਕਹਾਣੀਆਂ' ਕਿਤਾਬ ਵਿੱਚੋਂ)*

ੴ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ.............. ਮਿਤੀ..................

ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਿਤੀ ੧੪ ਮੱਘਰ ਸੰਮਤ ਨਾਨਕਸ਼ਾਹੀ ੫੩੯ (੨੭-੧੧-੦੬) ਨੂੰ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤ੍ਰਤਾ ਵਿਚ ਪ੍ਰਵਾਨ

## ਮਤਾ ਨੰ : ੨

ਕੁਝ ਸ਼ਰਾਰਤੀ ਅਨਸਰਾਂ ਵਲੋਂ ਮੀਡੀਏ ਰਾਹੀਂ ਦਸਮ ਗ੍ਰੰਥ ਬਾਰੇ ਗੁੰਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂ ਕਿ ਗੁਰੂ ਪੰਥ ਨੂੰ ਸਮਰਪਿਤ ਵਿਦਵਾਨ ਸ੍ਰੀ ਅਕਾਲ ਤਖਤ ਸਾਹਿਬ ਦੇ 14 ਮਈ 2000 ਦੇ ਆਦੇਸ਼ਾਂ ਉਪਰ ਪਹਿਰਾ ਦਿੰਦੇ ਹੋਏ ਚੁੱਪ ਹਨ, ਮਾਮਲੇ ਨੂੰ ਧਿਆਨ ਵਿਚ ਰੱਖਦਿਆਂ ਦੀਰਘ ਵਿਚਾਰ ਕਰਨ ਉਪਰੰਤ ਪੰਜ ਸਿੰਘ ਸਾਹਿਬਾਨ ਵਲੋਂ ਨਿਰਣਾ ਲਿਆ ਜਾਂਦਾ ਹੈ ਕਿ ਗੁਰੂ ਪੰਥ ਨੂੰ ਸਮਰਪਿਤ ਵਿਦਵਾਨ ਅਜੇਹੇ ਸ਼ਰਾਰਤੀ ਅਨਸਰਾਂ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਦਾ ਇਤਹਾਸਕ ਤੱਥਾਂ ਅਤੇ ਗੁਰਮਤਿ ਦੀ ਰੋਸ਼ਨੀ ਦੇ ਅਧਾਰ 'ਤੇ ਢੁਕਵਾਂ ਉੱਤਰ ਦੇਣ।

ਗੁਰੂ ਰਾਖਾ

ਜੋਗਿੰਦਰ ਸਿੰਘ

(ਜੋਗਿੰਦਰ ਸਿੰਘ)
ਜਥੇਦਾਰ

ਫੋਨ/ਫੈਕਸ ਦਫਤਰ : 91-183-2540820, ਘਰ : 91-183-2293937, ਪੀ ਬੀ ਐਕਸ : 183-2553957, 58, 59 ਐਕਸਟੈਨਸ਼ਨ : ਦਫਤਰ 434, ਘਰ 430

" ਸ੍ਰੀ ਦਸਮ ਗ੍ਰੰਥ ਦੀ ਬਾਣੀ ਦਾ ਪਾਠ ਤੇ ਅਰਥ ਸਮਝਣੇ ਤਾਂ ਦਰਕਿਨਾਰ, ਬੁਜ਼ਦਿਲ ਆਦਮੀ ਇਸ ਦੀ ਬਾਣੀ ਸੁਣ ਨਹੀਂ ਸਕਦਾ. ਇਹ ਕਾਇਰਾਂ ਦਾ ਗ੍ਰੰਥ ਨਹੀਂ ਹੈ. ਇਸ ਗ੍ਰੰਥ ਦੇ ਇਕ ਇਕ ਅੰਗ ਵਿਚੋਂ ਹਾਥੀਆਂ ਦੀਆਂ ਚਿੰਗਾਰਾਂ, ਕਿਰਪਾਨਾਂ ਦੀਆਂ ਟੁਣਕਾਰਾਂ, ਤੇ ਘੋੜਿਆਂ ਦੀਆਂ ਰਕਾਬਾਂ ਦੀਆਂ ਅਵਾਜ਼ਾਂ ਸੁਣਦੀਆਂ ਹਨ। "

*- ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ*

**ਪ੍ਰਕਾਸ਼ਕ : ਖਾਲਸਾ ਪ੍ਰੈਸ** KhalsaPress.org